ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 4 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੯ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਹਰਮੀਤ ਸਿੰਘ ਸੰਧੂ ਹੋਣਗੇ ਤਰਨਤਾਰਨ ਤੋਂ 'ਆਪ' ਦੇ ਉਮੀਦਵਾਰ, ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਐਲਾਨ

**ਤਰਨ-ਤਾਰਨ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਵੱਲੋਂ ਤਰਨਤਾਰਨ ਜ਼ਿਮਨੀ ਚੋਣ ਲਈ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਸੀਐੱਮ ਭਗਵੰਤ ਮਾਨ ਨੇ ਤਰਨਤਾਰਨ ਵਿਖੇ ਵੱਡਾ ਐਲਾਨ ਕਰਦਿਆਂ ਕਿਹਾ ਕਿ ਹਰਮੀਤ ਸਿੰਘ ਸੰਧੂ ਤਰਨਤਾਰਨ ਤੋਂ ਆਪ ਦੇ ਉਮੀਦਵਾਰ ਹੋਣਗੇ। ਪੰਜਾਬ ਭਾਜਪਾ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ ਹਰਜੀਤ ਸਿੰਘ ਸੰਧੂ ਨੂੰ ਉਮੀਦਵਾਰ



ਐਲਾਨ ਦਿੱਤਾ ਹੈ। ਇਸ ਤੋਂ ਪਹਿਲਾਂ ਪੰਜਾਬ ਭਾਜਪਾ ਨੇ ਸਾਬਕਾ ਮੰਤਰੀ ਸੁਰਜੀਤ ਜਿਆਣੀ ਨੂੰ ਪਾਰਟੀ ਵੱਲੋਂ ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਜਦੋਂ ਕਿ ਸਾਬਕਾ ਸੀਪੀਏ ਕੇਡੀ ਭੰਡਾਰੀ ਅਤੇ ਸਾਬਕਾ ਵਿਧਾਇਕ ਰਵੀ ਕਰਨ ਸਿੰਘ ਕਾਹਲੋਂ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਤਰਨ ਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ ਪਾਰਟੀ ਉਮੀਦਵਾਰ ਐਲਾਨਿਆ ਹੈ। ਸੁਖਬੀਰ ਨੇ ਇਹ ਐਲਾਨ ਪਾਰਟੀ ਦੇ ਪਹਿਲੇ ਪ੍ਰਧਾਨ ਸਰਮੁੱਖ ਸਿੰਘ ਝਬਾਲ ਦੇ ਜੱਦੀ ਪਿੰਡ ਝਬਾਲ ਦੀ ਦਾਣਾ ਮੰਡੀ 'ਚ ਕੀਤੇ ਗਏ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਦੌਰਾਨ ਸੁਖਬੀਰ ਬਾਦਲ ਨੇ ਲੋਕਾਂ ਨੂੰ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਵੀ ਕੀਤੀ।

## ਸੁਖਬੀਰ ਬਾਦਲ ਤੇ ਬਲਵੀਰ ਰਾਜੇਵਾਲ ਵਿਚਾਲੇ ਢਾਈ ਘੰਟਿਆਂ ਤੱਕ ਚੱਲੀ ਗੁਪਤ ਮੀਟਿੰਗ !

# ਮਾਨ ਸਰਕਾਰ ਖ਼ਿਲਾਫ਼ ਹੋਵੇਗਾ ਐਕਸ਼ਨ ?

**ਚੰਡੀਗੜ੍ਹ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੀ ਰਾਜਨੀਤੀ ਨੂੰ ਹਿਲਾ ਦੇਣ ਵਾਲੀ ਇੱਕ ਨਵੀਂ ਖ਼ਬਰ ਸਾਹਮਣੇ ਆਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਸ਼ੁੱਕਰਵਾਰ ਨੂੰ



ਅਚਾਨਕ ਕਿਸਾਨ ਆਗੂ ਬਲਬੀਰ ਰਾਜੇਵਾਲ ਦੇ ਘਰ ਪਹੁੰਚੇ। ਉਨ੍ਹਾਂ ਨੇ ਬੰਦ ਕਮਰੇ ਵਿੱਚ ਮੀਟਿੰਗ ਕੀਤੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਮੌਜੂਦ ਸਨ। ਇਸ ਮੀਟਿੰਗ ਨੂੰ ਕਈ ਰਾਜਨੀਤਿਕ ਅਰਥਾਂ ਵਜੋਂ ਸਮਝਿਆ ਜਾ ਰਿਹਾ ਹੈ, ਕਿਉਂਕਿ ਕਿਸਾਨ ਆਗੂ ਮੌਜੂਦਾ 'ਆਪ' ਸਰਕਾਰ ਦੇ ਰਵੱਈਏ ਤੋਂ ਨਾਰਾਜ਼ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਦੇ ਸੜਕੀ ਜਾਮ ਬਾਰੇ ਵਾਰ-ਵਾਰ ਸਵਾਲ ਉਠਾਏ ਹਨ। ਇਸ ਤੋਂ ਇਲਾਵਾ ਪੰਜਾਬ ਪੁਲਿਸ ਨੇ ਸ਼ੰਭੂ ਸਰਹੱਦ 'ਤੇ ਕਿਸਾਨਾਂ ਦੇ ਵਿਰੋਧ ਨੂੰ ਜ਼ਬਰਦਸਤੀ ਹਟਾ ਦਿੱਤਾ। ਇਸ ਮੀਟਿੰਗ ਪਿੱਛੇ ਅਕਾਲੀ ਦਲ ਦਾ ਇਰਾਦਾ ਕਿਸਾਨਾਂ ਰਾਹੀਂ ਪਿੰਡਾਂ ਵਿੱਚ ਆਪਣੇ ਪੈਰ ਜਮਾਉਣ ਦਾ ਮੰਨਿਆ ਜਾ ਰਿਹਾ ਹੈ। ਅਕਾਲੀ ਦਲ ਨੇ 2007 ਤੋਂ 2017 ਤੱਕ ਲਗਾਤਾਰ ਦੋ ਵਾਰ ਪੰਜਾਬ ਵਿੱਚ ਸਰਕਾਰ ਬਣਾਈ। ਹਾਲਾਂਕਿ, ਇਸ ਸਮੇਂ ਦੌਰਾਨ, ਉਨ੍ਹਾਂ ਨੇ ਭਾਜਪਾ ਨਾਲ ਗੱਠਜੋੜ ਬਣਾਇਆ ਸੀ। ਹਾਲਾਂਕਿ, ਇਹ ਗੱਠਜੋੜ ਹੁਣ ਟੁੱਟ ਗਿਆ ਹੈ। ਉਦੋਂ ਤੋਂ, ਅਕਾਲੀ ਦਲ ਪੰਜਾਬ ਦੀ ਰਾਜਨੀਤੀ ਵਿੱਚ ਹਾਸ਼ੀਏ 'ਤੇ ਵਧਦਾ ਜਾ ਰਿਹਾ ਹੈ। ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਉਹ ਬਲਬੀਰ ਸਿੰਘ ਰਾਜੇਵਾਲ ਦੀ ਸਿਹਤ ਦਾ ਹਾਲ-ਚਾਲ ਪੁੱਛਣ ਆਏ ਸਨ। ਰਾਜੇਵਾਲ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਨੇੜਲੇ ਸਬੰਧ ਸਨ। ਜਦੋਂ ਵੀ ਉਨ੍ਹਾਂ ਨੂੰ ਖੇਤੀਬਾੜੀ ਜਾਂ ਪੰਜਾਬ ਬਾਰੇ ਸਲਾਹ ਦੀ ਲੋੜ ਹੁੰਦੀ ਸੀ, ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨਾਲ ਗੱਲ ਕਰਦੇ ਸਨ। ਉਹ ਖੇਤੀਬਾੜੀ ਨੂੰ ਲਾਭਦਾਇਕ ਕਾਰੋਬਾਰ ਕਿਵੇਂ ਬਣਾਇਆ ਜਾਵੇ ਤੇ ਪੰਜਾਬ ਨੂੰ ਕਿਵੇਂ ਬਚਾਇਆ ਜਾਵੇ, ਇਸ ਬਾਰੇ ਵੀ ਚਰਚਾ ਕਰਨ ਆਉਂਦੇ ਸਨ। ਸੁਖਬੀਰ ਨੇ ਕਿਹਾ ਕਿ ਰਾਜੇਵਾਲ ਖੇਤੀਬਾੜੀ ਗਿਆਨ ਦਾ ਖਜ਼ਾਨਾ ਹਨ ਅਤੇ ਉਹ ਉਨ੍ਹਾਂ ਤੋਂ ਸਿੱਖਣ ਲਈ ਆਏ ਸਨ। ਕੋਈ ਰਾਜਨੀਤਿਕ ਚਰਚਾ ਨਹੀਂ ਹੋਈ। ਕਿਸਾਨ ਆਗੂ ਬਲਬੀਰ ਰਾਜੇਵਾਲ ਨੇ ਕਿਹਾ ਕਿ ਇਹ ਇੱਕ ਨਿੱਜੀ ਮੁਲਾਕਾਤ ਸੀ। ਪੰਜਾਬ ਦੀ ਖੇਤਰੀ ਪਾਰਟੀ, ਅਕਾਲੀ ਦਲ ਦੇ ਵੰਡਣ ਅਤੇ ਇੱਕ ਵੱਖਰੇ ਅਕਾਲੀ ਦਲ ਦੇ ਗਠਨ ਦੌਰਾਨ, ਉਨ੍ਹਾਂ ਨੇ ਸੁਝਾਅ ਦਿੱਤਾ ਕਿ ਦੋਵੇਂ ਪਾਰਟੀਆਂ ਨੂੰ ਕਿਸੇ ਤਰ੍ਹਾਂ ਇੱਕਜੁੱਟ ਹੋ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਮੀਟਿੰਗ ਵਿੱਚ ਕੋਈ ਰਾਜਨੀਤਿਕ ਚਰਚਾ ਨਹੀਂ ਹੋਈ।

## ਹਨੂੰਮਾਨਗੜ੍ਹ 'ਚ ਗੁਰਦੁਆਰਾ ਸਾਹਿਬ 'ਤੇ ਕਬਜ਼ੇ ਨੂੰ ਲੈ ਕੇ ਹਿੰਸਕ ਝੜਪ, ਬੱਚਿਆਂ ਸਮੇਤ 8 ਜ਼ਖ਼ਮੀ, ਧਾਰਾ 163 ਲਾਗੂ

**ਹਨੂੰਮਾਨਗੜ੍ਹ (ਰਾਜਸਥਾਨ), 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਹਨੂੰਮਾਨਗੜ੍ਹ ਦੇ ਗੋਲੂਵਾਲਾ ਕਸਬੇ ਵਿੱਚ ਸਥਿਤ ਗੁਰਦੁਆਰਾ ਮਹਿਤਾਬਗੜ੍ਹ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਿਹਾ ਵਿਵਾਦ ਸ਼ੁੱਕਰਵਾਰ ਨੂੰ ਹਿੰਸਾ ਵਿੱਚ ਬਦਲ ਗਿਆ। ਸਵੇਰੇ 3 ਵਜੇ ਦੇ ਕਰੀਬ, ਇੱਕ ਪਾਸੇ ਦੇ 80 ਤੋਂ ਵੱਧ ਲੋਕ ਜ਼ਬਰਦਸਤੀ ਗੁਰਦੁਆਰੇ ਵਿੱਚ ਦਾਖਲ ਹੋਏ ਅਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਗੱਲਬਾਤ ਤੂੰ ਤੂੰ ਮੈਂ ਮੈਂ ਤੋਂ ਹੁੰਦੀ ਲੜਾਈ 'ਚ ਬਦਲ ਗਈ। ਇਸ ਘਟਨਾ ਵਿੱਚ ਬੱਚਿਆਂ ਸਮੇਤ ਲਗਭਗ ਅੱਠ ਲੋਕ ਜ਼ਖਮੀ ਹੋ ਗਏ। ਉਨ੍ਹਾਂ ਦੇ ਹੱਥਾਂ, ਲੱਤਾਂ ਅਤੇ ਸਿਰਾਂ ਵਿੱਚ ਸੱਟਾਂ ਲੱਗੀਆਂ। ਸਥਾਨਕ ਹਸਪਤਾਲ ਵਿੱਚ ਮੁੱਢਲਾ ਇਲਾਜ ਕਰਵਾਉਣ ਤੋਂ ਬਾਅਦ ਕਈ ਜ਼ਖਮੀਆਂ ਨੂੰ ਸ਼੍ਰੀ ਗੰਗਾਨਗਰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਸੂਚਨਾ ਮਿਲਣ 'ਤੇ ਗੋਲੂਵਾਲਾ ਪੁਲਿਸ ਤੁਰੰਤ ਮੌਕੇ 'ਤੇ ਪਹੁੰਚੀ। ਸਥਿਤੀ ਵਿਗੜਦੀ ਦੇਖ ਕੇ ਪ੍ਰਸ਼ਾਸਨ ਨੇ 15 ਥਾਣਿਆਂ ਦੀ ਪੁਲਿਸ ਅਤੇ ਆਰਏਸੀ ਕਰਮਚਾਰੀ ਤਾਇਨਾਤ ਕੀਤੇ। ਪੁਲਿਸ ਲਾਈਨਾਂ ਤੋਂ ਵੀ ਵਾਧੂ ਬਲ ਮੰਗਵਾਏ ਗਏ। ਸਾਵਧਾਨੀ ਵਜੋਂ, ਕਸਬੇ ਦੇ ਸਕੂਲ ਬੰਦ ਕਰ ਦਿੱਤੇ ਗਏ। ਪ੍ਰਸ਼ਾਸਨ ਨੇ ਗੋਲੂਵਾਲਾ ਵਿੱਚ ਸੀਆਰਪੀਸੀ ਦੀ ਧਾਰਾ 163 ਲਾਗੂ ਕਰ ਦਿੱਤੀ ਹੈ, ਜਿਸ ਨਾਲ ਚਾਰ ਜਾਂ ਵੱਧ ਲੋਕਾਂ ਦੇ ਇਕੱਠੇ ਹੋਣ 'ਤੇ ਪਾਬੰਦੀ ਹੈ। ਸੁਪਰਡੈਂਟ ਆਫ਼ ਪੁਲਿਸ (ਐਸਪੀ) ਹਰੀ ਸ਼ੰਕਰ ਨੇ ਦੱਸਿਆ ਕਿ ਗੁਰਦੁਆਰੇ ਦੇ ਮੁੱਖ ਗ੍ਰੰਥੀ (ਮੈਨੇਜਰ) ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਦੋ ਧਿਰਾਂ ਲੰਬੇ ਸਮੇਂ ਤੋਂ ਆਹਮੋ-ਸਾਹਮਣੇ ਹਨ। ਗੋਲੂਵਾਲਾ ਟਾਊਨ ਸਿੱਖ ਸੰਗਤ ਅਤੇ ਮੁੱਖ ਪ੍ਰਬੰਧਕ ਬੀਬੀ ਹਰਮੀਤ ਕੌਰ ਦਾ ਪੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਨੂੰ ਲੈ ਕੇ ਵਿਵਾਦ ਵਿੱਚ ਹੈ। 2009 ਵਿੱਚ ਸੰਤ ਬਾਬਾ ਅੰਮ੍ਰਿਤਪਾਲ ਸਿੰਘ ਗੋਲੂਵਾਲਾ ਦੇ ਗੁਰਦੁਆਰਾ ਮਹਿਤਾਬਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਸਨ। ਉਨ੍ਹਾਂ ਨੇ ਲਗਭਗ ਸੱਤ ਸਾਲ ਮੁੱਖ ਪ੍ਰਬੰਧਕ ਵਜੋਂ ਸੇਵਾ ਨਿਭਾਈ। 2016 ਵਿੱਚ ਪੰਜਾਬ ਵਿੱਚ ਸੰਤ ਬਾਬਾ ਅੰਮ੍ਰਿਤਪਾਲ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। 2016 ਵਿੱਚ ਅੰਮ੍ਰਿਤਪਾਲ ਸਿੰਘ ਦੀ ਪਤਨੀ ਬੀਬੀ ਹਰਮੀਤ ਕੌਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਸੀ। ਪਿਛਲੇ ਦੋ ਮਹੀਨਿਆਂ ਤੋਂ, ਦੋਵੇਂ ਧਿਰਾਂ ਆਪਸ ਵਿੱਚ ਟਕਰਾਅ ਵਿੱਚ ਹਨ। ਗੋਲੂਵਾਲਾ ਟਾਊਨ ਸਿੱਖ ਸੰਗਤ ਬੀਬੀ ਹਰਮੀਤ ਕੌਰ ਨੂੰ ਹਟਾ ਕੇ ਇੱਕ ਨਵੀਂ ਕਮੇਟੀ ਬਣਾਉਣਾ ਚਾਹੁੰਦੀ ਹੈ। ਉਹ ਗੁਰਦੁਆਰੇ ਦੇ ਮੁੱਖ ਪ੍ਰਬੰਧਕ ਵਜੋਂ ਇੱਕ ਨਵੇਂ ਵਿਅਕਤੀ ਨੂੰ ਨਿਯੁਕਤ ਕਰਨਾ ਚਾਹੁੰਦੀ ਹੈ।

## ਆਮ ਆਦਮੀ ਪਾਰਟੀ ਦੀ ਰੈਲੀ 'ਚ ਜਾ ਰਹੀ ਬੱਸ 'ਤੇ ਹਮਲਾ, ਚੱਲੀਆਂ ਗੋਲੀਆਂ

**ਤਰਨ-ਤਾਰਨ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਝਬਾਲ ਵਿਖੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਜਾ ਰਹੀ ਰੈਲੀ ਜਿਸ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉਚੇਚੇ ਤੌਰ



'ਤੇ ਪਹੁੰਚ ਰਹੇ ਹਨ ਜਿਸ ਵਿਚ ਸ਼ਾਮਲ ਹੋਣ ਲਈ ਪਿੰਡ ਮੂਸੇ ਤੋਂ ਆਮ ਆਦਮੀ ਪਾਰਟੀ ਦੇ ਵਰਕਰ ਸਰਕਾਰੀ ਪੰਜਾਬ ਰੋਡਵੇਜ਼ ਦੀ ਬੱਸ ਵਿਚ ਸਵਾਰ ਹੋ ਕੇ ਪਿੰਡ ਤੋਂ ਚੱਲਣ ਲੱਗੇ ਤਾ ਪਿੰਡ ਦੇ ਹੀ ਕੁਝ ਨੌਜਵਾਨਾਂ ਨੇ ਬੱਸ 'ਤੇ ਇੱਟਾਂ ਰੋੜਿਆਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਹਮਲਾਵਰਾਂ ਨੇ ਬੱਸ ਦੇ ਸ਼ੀਸ਼ੇ ਭੰਨ ਦਿੱਤੇ। ਇਸ ਦੌਰਾਨ ਹਮਲਾਵਰਾਂ ਨੇ ਗੋਲੀਆਂ ਵੀ ਚਲਾਈਆਂ। ਇਸ ਵਾਰਦਾਤ ਵਿਚ ਆਮ ਆਦਮੀ ਪਾਰਟੀ ਦੇ ਚਾਰ ਵਿਅਕਤੀ ਜ਼ਖਮੀ ਹੋ ਗਏ। ਜ਼ਖਮੀ ਹੋਣ ਵਾਲਿਆਂ ਵਿਚ ਸੁਰਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ, ਅਰਵਿੰਦਰ ਸਿੰਘ, ਗੁਰਮੀਤ ਸਿੰਘ ਅਤੇ ਫੁੰਮਣ ਸਿੰਘ ਸ਼ਾਮਲ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਆਮ ਆਦਮੀ ਪਾਰਟੀ ਦੇ ਸਰਪੰਚ ਕਰਨੈਲ ਸਿੰਘ ਜੋ ਖੁਦ ਵੀ ਇੱਟਾਂ ਰੋੜਿਆਂ ਨਾਲ ਜ਼ਖ਼ਮੀ ਹੋਇਆ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਝਬਾਲ ਵਿਖੇ ਦਰਖਾਸਤ ਦੇ ਦਿੱਤੀ ਗਈ ਹੈ ਅਤੇ ਜ਼ਖ਼ਮੀ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਦੋਸ਼ ਲਗਾਇਆ ਜਾ ਰਿਹਾ ਹੈ ਕਿ ਭਾਜਪਾ ਨਾਲ ਸੰਬੰਧਤ ਨੌਜਵਾਨਾਂ ਨੇ ਇਹ ਹਮਲਾ ਕੀਤਾ ਹੈ।

## ਪੰਜਾਬ ਲਈ ਵੱਡੇ ਖ਼ਤਰੇ ਦੀ ਘੰਟੀ

**ਚੰਡੀਗੜ੍ਹ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਭਾਰੀ ਬਰਸਾਤ ਤੋਂ ਬਾਅਦ ਆਏ ਹੜ੍ਹਾਂ ਦੀ ਮਾਰ ਤੋਂ ਅਜੇ ਪੰਜਾਬ ਉਭਰ ਨਹੀਂ ਸਕਿਆ ਕਿ ਹੁਣ ਮੁੜ ਸੂਬੇ ਵਿਚ ਹੜ੍ਹ ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਮੌਸਮ ਵਿਭਾਗ ਦੀ ਤਾਜ਼ਾ ਭਵਿੱਖਬਾਣੀ ਮਗਰੋਂ ਵੀਰਵਾਰ ਨੂੰ ਰਣਜੀਤ ਸਾਗਰ ਡੈਮ ਤੋਂ ਰਾਵੀ ਦਰਿਆ ਵਿਚ ਫਿਰ ਵਾਧੂ ਪਾਣੀ ਛੱਡਣਾ ਸ਼ੁਰੂ ਕਰ ਦਿੱਤਾ ਗਿਆ ਹੈ। ਜਲ ਸਰੋਤ ਵਿਭਾਗ ਦੇ ਮੁੱਖ ਇੰਜੀਨੀਅਰਾਂ ਅਤੇ ਤਕਨੀਕੀ ਮਾਹਿਰਾਂ ਨੇ ਭਾਰਤੀ ਮੌਸਮ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਵਰਚੁਅਲ ਮੀਟਿੰਗ ਕਰਕੇ ਇਸ ਬਾਰੇ ਚਰਚਾ ਕੀਤੀ ਹੈ। ਦੂਜੇ ਪਾਸੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ. ਬੀ. ਐੱਮ. ਬੀ) ਨੇ ਵੀ ਅੰਦਰੂਨੀ ਤੌਰ 'ਤੇ ਚਰਚਾ ਸ਼ੁਰੂ ਕਰ ਕੇ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਲਈ ਅਕਤੂਬਰ ਦਾ ਪਹਿਲਾ ਹਫ਼ਤਾ ਚੁਣੌਤੀ ਭਰਿਆ ਰਹਿ ਸਕਦਾ ਹੈ। ਇਸ ਪਹਿਲੇ ਹਫ਼ਤੇ ਵਿਚ ਇੰਨਾ ਮੀਂਹ ਪੈਣ ਦੀ ਪੇਸ਼ੀਨਗੋਈ ਹੈ ਜਿੰਨਾ ਪਿਛਲੇ 80 ਵਰ੍ਹਿਆਂ ਵਿਚ ਕਦੇ ਦਰਜ ਨਹੀਂ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ 4 ਅਕਤੂਬਰ ਰਾਤ ਤੋਂ ਬਾਰਸ਼ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ 6-7 ਅਕਤੂਬਰ ਨੂੰ ਭਾਰੀ ਤੋਂ ਬਹੁਤ ਭਾਰੀ ਬਾਰਸ਼ ਹੋਣ ਦਾ ਅਨੁਮਾਨ ਹੈ। ਮੌਸਮ ਵਿਭਾਗ ਨੇ ਪੰਜਾਬ ਵਿਚ ਇਨ੍ਹਾਂ ਦੋ ਦਿਨਾਂ ਦੌਰਾਨ ਔਸਤ 110 ਮਿਲੀਮੀਟਰ, ਜੰਮੂ ਖੇਤਰ ਵਿਚ ਕਰੀਬ 120 ਮਿਲੀਮੀਟਰ ਅਤੇ ਹਿਮਾਚਲ ਪ੍ਰਦੇਸ਼ 'ਚ ਔਸਤ 160 ਤੋਂ 180 ਮਿਲੀਮੀਟਰ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਹੈ।

## ਸਾਊਥਾਲ ਸਿੰਘ ਸਭਾ ਚੋਣ 5 ਅਕਤੂਬਰ

### ਸਿੱਖ ਫੈਡਰੇਸ਼ਨ ਯੂਕੇ ਦਾ ਐਲਾਨ - "ਕੇਵਲ ਸ਼ੇਰ ਗਰੁੱਪ ਨੂੰ ਹੀ ਵੋਟ ਪਾਓ"

**ਸਾਊਥਾਲ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)** - ਯੂਕੇ ਦੀ ਸਭ ਤੋਂ ਵੱਡੀ ਤੇ ਇਤਿਹਾਸਕ ਗੁਰਦੁਆਰਾ ਸਿੰਘ ਸਭਾ ਸਾਊਥਾਲ ਦੀ ਚੋਣ 5 ਅਕਤੂਬਰ






ਐਤਵਾਰ ਨੂੰ ਹੋ ਰਹੀ ਹੈ। ਇਸ ਵਾਰੀ ਚੋਣਾਂ ਵਿੱਚ ਮੁੱਖ ਮੁਕਾਬਲਾ 'ਸ਼ੇਰ' ?? ਗਰੁੱਪ ਅਤੇ 'ਬਾਜ' ਗਰੁੱਪ ਵਿਚਕਾਰ ਹੈ। ਸਿੱਖ ਫੈਡਰੇਸ਼ਨ ਯੂਕੇ ਨੇ ਸਾਫ਼ ਸ਼ਬਦਾਂ ਵਿੱਚ ਸੰਗਤ ਨੂੰ ਅਪੀਲ ਕੀਤੀ ਹੈ ਕਿ ਕੇਵਲ ਸ਼ੇਰ ਗਰੁੱਪ ਨੂੰ ਹੀ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਬਣਾਇਆ ਜਾਵੇ।

### ਗਹਿਰਾ ਸੰਕਟ: ਟਬਰਦਾਰੀ ਦਾ ਕਬਜ਼ਾ ?

ਫੈਡਰੇਸ਼ਨ ਦੇ ਪ੍ਰਧਾਨ ਪਰਮਿੰਦਰ ਸਿੰਘ ਬੱਲ ਨੇ ਕਿਹਾ ਕਿ ਮੌਜੂਦਾ ਚੋਣਾਂ ਵਿੱਚ ਸਿੰਘ ਸਭਾ ਬੜੇ ਸੰਕਟ ਵਿੱਚੋਂ ਲੰਘ ਰਹੀ ਹੈ। ਉਨ੍ਹਾਂ ਦੇ ਅਨੁਸਾਰ, ਬਾਜ ਗਰੁੱਪ ਨੇ ਨਾਪਰਵਾਨ ਹੋਏ ਪੁਰਾਣੇ ਅਡੀਲਾ ਗਰੁੱਪ ਨੂੰ ਆਪਣੇ ਨਾਲ ਜੋੜ ਕੇ ਇਕ ਟਬਰਦਾਰੀ ਟਰਸਟ ਦੀ ਰਾਹ ਰੋਕੀ ਹੈ। ਉਨ੍ਹਾਂ ਨੇ ਕਿਹਾ: "ਜਦੋਂ 80% ਟਰਸਟੀ ਇਕੋ ਘਰ ਦੇ ਹਨ ਤਾਂ ਇਹ ਸਾਫ਼ ਸੰਕੇਤ ਹੈ ਕਿ ਗੁਰੂ ਘਰ ਦੀਆਂ ਪ੍ਰਾਪਰਟੀਆਂ ਤੇ ਸਥਾਈ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।"

### ਇਤਿਹਾਸਕ ਯਾਦ: 1984 ਅਤੇ ਸਭਾ ਦਾ ਕਿਰਦਾਰ

ਪਰਮਿੰਦਰ ਸਿੰਘ ਬੱਲ ਨੇ 1984 ਦੇ ਘੱਲੂਘਾਰੇ ਦਾ ਜ਼ਿਕਰ ਕਰਦਿਆਂ ਦੋਸ਼ ਲਗਾਇਆ ਕਿ ਉਸ ਸਮੇਂ ਸਿੰਘ ਸਭਾ ਦੇ ਤਤਕਾਲੀਨ ਪ੍ਰਧਾਨ ਸ੍ਰ. ਜੌਹਲ ਦੀ ਅਗਵਾਈ ਹੇਠ, ਸਭਾ ਵੱਲੋਂ ਇੰਦਰਾ ਗਾਂਧੀ ਦੇ ਹੱਕ ਵਿੱਚ ਮੈਗਜ਼ੀਨ ਛਾਪੀ ਗਈ ਸੀ ਜਿਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ "ਖੁਮੇਨੀ" ਅਤੇ ਦਮਦਮੀ ਟਕਸਾਲ ਨੂੰ "ਕਲਟ" ਕਹਿ ਕੇ ਬਦਨਾਮ ਕੀਤਾ ਗਿਆ ਸੀ। ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ: "ਅੱਜ ਉਹੀ ਲੋਕ ਆਪਣੇ ਆਪ ਨੂੰ ਪੰਥਕ ਦੱਸ ਰਹੇ ਹਨ ਜਿਨ੍ਹਾਂ ਨੇ 1984 ਵਿੱਚ ਸ਼ਹੀਦਾਂ ਦੀ ਨਿੰਦਿਆ ਕੀਤੀ ਸੀ।"

### ਮੌਜੂਦਾ ਪ੍ਰਬੰਧ 'ਤੇ ਗੰਭੀਰ ਇਲਜ਼ਾਮ

ਫੈਡਰੇਸ਼ਨ ਨੇ ਦਾਅਵਾ ਕੀਤਾ ਕਿ 23 ਸਤੰਬਰ ਦੀ ਰਾਤ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਸਰੂਪਾਂ ਦੀ ਚੋਰੀ ਦੇ ਮਾਮਲੇ ਵਿੱਚ ਮੌਜੂਦਾ ਪ੍ਰਬੰਧਕਾਂ ਦੀ ਸਾਂਝ ਸਾਹਮਣੇ ਆਈ ਹੈ। ਇਹ ਘਟਨਾ ਸੰਗਤ ਵਿੱਚ ਭਾਰੀ ਰੋਸ ਦਾ ਕਾਰਨ ਬਣੀ ਹੋਈ ਹੈ।

### ਸੰਗਤ ਲਈ ਅਪੀਲ

**ਸਿੱਖ ਫੈਡਰੇਸ਼ਨ ਯੂਕੇ ਨੇ ਸਪਸ਼ਟ ਕਿਹਾ: "ਸਿੰਘ ਸਭਾ ਨੂੰ ਟਬਰਦਾਰੀ ਦੇ ਕਬਜ਼ੇ ਤੋਂ ਬਚਾਉਣ ਅਤੇ ਗੁਰੂ ਘਰ ਦੀ ਮਰਯਾਦਾ ਕਾਇਮ ਰੱਖਣ ਲਈ ਸੰਗਤਾਂ ਨੂੰ ਸਿਰਫ਼ ਸ਼ੇਰ ਗਰੁੱਪ ਨੂੰ ਹੀ ਵੋਟ ਪਾਉਣੀਆਂ ਚਾਹੀਦੀਆਂ ਹਨ।"**

## ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਾਣ ਵਾਲੀ ਸੰਗਤ ਲਈ ਵੀਜ਼ਾ ਫਾਰਮ ਤੇ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਤਰੀਖਾਂ ਤੇ ਸਥਾਨਾਂ ਦਾ ਐਲਾਨ

**ਅੰਮ੍ਰਿਤਸਰ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਰੋਹ ਨੂੰ ਪਾਕਿਸਤਾਨ ਵਿੱਚ ਮਨਾਉਣ ਲਈ ਸਿੱਖ ਜਥੇ ਨੂੰ ਭਾਰਤ ਸਰਕਾਰ ਵੱਲੋਂ ਮਨਜ਼ੂਰੀ ਮਿਲ ਗਈ ਹੈ। ਇਸ ਫੈਸਲੇ ਦਾ ਸਵਾਗਤ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਭਾਵੇਂ ਮਨਜ਼ੂਰੀ ਦੇਣ ਵਿੱਚ ਦੇਰੀ ਹੋਈ, ਪਰ "ਦੇਰ ਆਏ ਦੁਰੁਸਤ ਆਏ" ਦੇ ਅਧਾਰ




'ਤੇ ਸੰਗਤਾਂ ਨੇ ਇਸ ਫੈਸਲੇ ਦਾ ਸਤਿਕਾਰ ਕੀਤਾ ਹੈ। ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਪਹਿਲਾਂ ਤੋਂ ਹੀ ਮੰਗ ਰਹੀ ਹੈ ਕਿ ਜਿਵੇਂ ਖੇਡਾਂ ਰਾਹੀਂ ਦੋਵੇਂ ਦੇਸ਼ਾਂ ਦੇ ਖਿਡਾਰੀ ਇੱਕ-ਦੂਜੇ ਦੇਸ਼ ਨਾਲ ਖੇਡ ਸਕਦੇ ਹਨ, ਉਸੇ ਤਰ੍ਹਾਂ ਸਿੱਖਾਂ ਨੂੰ ਵੀ ਆਪਣੇ ਵਿਛੜੇ ਗੁਰਧਾਮਾਂ ਦੇ ਦਰਸ਼ਨ ਕਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਜਥੇ ਦੀ ਯਾਤਰਾ ਲਈ ਘੱਟੋ-ਘੱਟ 45 ਦਿਨਾਂ ਦਾ ਸਮਾਂ ਚਾਹੀਦਾ ਹੈ, ਪਰ ਇਸ ਵਾਰ ਸਰਕਾਰ ਨੇ ਬਹੁਤ ਸੀਮਿਤ ਸਮੇਂ ਵਿੱਚ ਮਨਜ਼ੂਰੀ ਦਿੱਤੀ ਹੈ। ਇਸ ਕਰਕੇ ਉਹਨਾਂ ਸੰਗਤਾਂ ਦੇ ਪਾਸਪੋਰਟਾਂ ਨੂੰ ਹੀ ਪ੍ਰਕਿਰਿਆ ਵਿੱਚ ਲਿਆਂਦਾ ਜਾ ਰਿਹਾ ਹੈ ਜਿਹੜੇ ਪਹਿਲਾਂ ਹੀ ਐਸਜੀਪੀਸੀ ਕੋਲ ਜਮ੍ਹਾਂ ਹਨ। ਐਸਜੀਪੀਸੀ ਵੱਲੋਂ ਯਾਤਰੀਆਂ ਨੂੰ ਆਪਣੀਆਂ ਵੀਜ਼ਾ ਫਾਰਮ ਅਤੇ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਤਰੀਖਾਂ ਅਤੇ ਸਥਾਨਾਂ ਦੀ ਸੂਚੀ ਵੀ ਜਾਰੀ ਕੀਤੀ ਗਈ ਹੈ। ਇਸ ਮੁਤਾਬਕ, 7 ਅਕਤੂਬਰ ਨੂੰ ਸੰਗਰੂਰ, ਬਰਨਾਲਾ, ਬਠਿੰਡਾ, ਮਾਨਸਾ, ਫਰੀਦਕੋਟ, ਮੋਹਾਲੀ ਆਦਿ ਜ਼ਿਲ੍ਹਿਆਂ ਦੀ ਸੰਗਤ ਆਪਣੇ-ਆਪਣੇ ਨਿਰਧਾਰਤ ਗੁਰਦੁਆਰਿਆਂ ਵਿੱਚ ਦਸਤਾਵੇਜ਼ ਜਮ੍ਹਾਂ ਕਰਵਾ ਸਕੇਗੀ। 8 ਅਕਤੂਬਰ ਨੂੰ ਪਟਿਆਲਾ, ਕਪੂਰਥਲਾ, ਮੁਕਤਸਰ, ਰੋਪੜ ਅਤੇ ਹੋਰ ਜ਼ਿਲ੍ਹਿਆਂ ਦੀ ਸੰਗਤਾਂ ਲਈ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ, 9 ਅਕਤੂਬਰ ਨੂੰ ਲੁਧਿਆਣਾ, ਹੁਸ਼ਿਆਰਪੁਰ, ਫਿਰੋਜ਼ਪੁਰ, ਫਾਜ਼ਲਕਾ ਅਤੇ ਨਵਾਂਸ਼ਹਿਰ-ਸ਼੍ਰੀ ਅਨੰਦਪੁਰ ਸਾਹਿਬ ਇਲਾਕਿਆਂ ਦੀ ਸੰਗਤ ਵੀ ਆਪਣੇ ਦਸਤਾਵੇਜ਼ ਨਿਰਧਾਰਤ ਗੁਰਦੁਆਰਾ ਸਾਹਿਬਾਨ ਵਿੱਚ ਜਮ੍ਹਾਂ ਕਰਵਾ ਸਕੇਗੀ। ਪ੍ਰਤਾਪ ਸਿੰਘ ਨੇ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਦਿੱਤੀਆਂ ਤਰੀਖਾਂ ਅਤੇ ਸਥਾਨਾਂ 'ਤੇ ਹੀ ਪਹੁੰਚ ਕੇ ਆਪਣੇ ਦਸਤਾਵੇਜ਼ ਜਮ੍ਹਾਂ ਕਰਵਾਉਣ ਤਾਂ ਜੋ ਵੀਜ਼ਾ ਪ੍ਰਕਿਰਿਆ ਸਮੇਂ ਸਿਰ ਪੂਰੀ ਕੀਤੀ ਜਾ ਸਕੇ। ਉਹਨਾਂ ਨੇ ਸਪਸ਼ਟ ਕੀਤਾ ਕਿ ਨਵੀਆਂ ਸੂਚੀਆਂ ਬਣਾਉਣ ਲਈ ਹੁਣ ਸਮਾਂ ਨਹੀਂ ਹੈ, ਇਸ ਲਈ ਕੇਵਲ ਉਹੀ ਪਾਸਪੋਰਟ ਪ੍ਰਕਿਰਿਆ ਵਿੱਚ ਸ਼ਾਮਲ ਕੀਤੇ ਜਾਣਗੇ ਜੋ ਪਹਿਲਾਂ ਹੀ ਐਸਜੀਪੀਸੀ ਕੋਲ ਆਏ ਹੋਏ ਹਨ ਉਹਨਾਂ ਨੇ ਕਿਹਾ ਕਿ ਇਹ ਮਨਜ਼ੂਰੀ ਸਿੱਖ ਸੰਗਤਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਅਰਦਾਸ ਪੂਰੀ ਹੋਈ ਹੈ।

# ਗੁਰੂ ਨਾਨਕ ਗੁਰਦੁਆਰੇ ਵਿੱਚ ਭਾਈ ਕਪਤਾਨ ਸਿੰਘ 'ਤੇ ਹਮਲੇ ਦੀ ਗੁਰੂ ਨਾਨਕ ਗੁਰਦੁਆਰੇ ਦੇ ਟਰੱਸਟੀਜ਼ ਵੱਲੋਂ ਤਿੱਖੀ ਨਿੰਦਾ

There Is But One Creator Who Is Realised Through the True Guru's Grace

**GURU NANAK SIKH GURDWARA**

The Trustees

**ਪ੍ਰੈਸ ਰਿਲੀਜ਼**

**ਬੋਰਡ ਆਫ਼ ਟਰੱਸਟੀਜ਼ ਵੱਲੋਂ – ਗੁਰੂ ਨਾਨਕ ਗੁਰਦੁਆਰਾ, ਸੈਡਗਲੀ ਸਟ੍ਰੀਟ, ਵੁਲਵਰਹੈਮਪਟਨ**

**ਤਾਰੀਖ: 2 ਅਕਤੂਬਰ 2025**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।**

ਸਾਡੇ ਲਈ ਇਹ ਗੱਲ ਬਹੁਤ ਦੁਖਦਾਈ ਅਤੇ ਚਿੰਤਾਜਨਕ ਹੈ ਕਿ 14 ਸਤੰਬਰ 2025 ਨੂੰ ਗੁਰੂ ਨਾਨਕ ਗੁਰਦੁਆਰੇ ਦੇ ਅੰਦਰ ਇਕ ਬਹੁਤ ਹੀ ਨਿੰਦਣਯੋਗ ਘਟਨਾ ਵਾਪਰੀ। ਸਾਡੇ ਪ੍ਰਿਆ ਬੋਲਪੱਤਰ, ਭਾਈ ਕਪਤਾਨ ਸਿੰਘ ਜੀ 'ਤੇ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਦੀ ਦਸਤਾਰ ਨੂੰ ਜਬਰਦਸਤੀ ਸਿਰ ਤੋਂ ਉਤਾਰਿਆ ਗਿਆ। ਇਹ ਕਰਤੂਤ ਸਿਰਫ਼ ਉਨ੍ਹਾਂ ਦੀ ਨਹੀਂ, ਸਗੋਂ ਸਾਰੀ ਸਿੱਖ ਕੌਮ ਦੀ ਇੱਜ਼ਤ ਨੂੰ ਠੇਸ ਪਹੁੰਚਾਉਂਦੀ ਹੈ। ਇਸ ਹਮਲੇ ਵਿੱਚ ਸੰਗਤ ਦੇ ਹੋਰ ਦੋ ਮੈਂਬਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਅਫਸੋਸ ਦੀ ਗੱਲ ਹੈ ਕਿ ਉਹ ਲੋਕ, ਜੋ ਅਜੇ ਵੀ ਗੁਰਦੁਆਰੇ ਦੇ ਕਮੇਟੀ 'ਤੇ ਗੈਰ-ਸੰਵਿਧਾਨਕ ਢੰਗ ਨਾਲ ਕਾਬਿਜ਼ ਹਨ, ਉਨ੍ਹਾਂ ਵੱਲੋਂ ਅਜੇ ਤੱਕ ਇਸ ਘਟਨਾ ਦੀ ਕੋਈ ਨਿੰਦਾ ਨਹੀਂ ਕੀਤੀ ਗਈ। ਇਸ ਤੋਂ ਵੀ ਵੱਧ ਦੁਖਦਾਈ ਗੱਲ ਇਹ ਹੈ ਕਿ 28 ਸਤੰਬਰ 2025 ਦੇ ਕਨਵੈਂਸ਼ਨ ਦੌਰਾਨ ਜਿੱਥੇ ਓਲਡਬਰੀ ਅਤੇ ਟੈਕਸੀ ਡਰਾਈਵਰਾਂ 'ਤੇ ਹਮਲਿਆਂ ਦੀ ਗੱਲ ਕੀਤੀ ਗਈ, ਉੱਥੇ 14 ਸਤੰਬਰ ਨੂੰ ਭਾਈ ਕਪਤਾਨ ਸਿੰਘ ਜੀ ਨਾਲ ਹੋਏ ਹਮਲੇ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ ਗਿਆ। ਇਹ ਚੁੱਪੀ ਸਾਰੀ ਸੰਗਤ ਲਈ ਬਹੁਤ ਪੀੜਾਦਾਇਕ ਹੈ।

ਗੁਰੂ ਨਾਨਕ ਦੇ ਘਰ ਵਿੱਚ ਹਿੰਸਾ ਦਾ ਕੋਈ ਥਾਂ ਨਹੀਂ। ਗੁਰਦੁਆਰਾ ਉਹ ਥਾਂ ਹੈ ਜਿੱਥੇ ਸ਼ਾਂਤੀ, ਨਿਮਰਤਾ ਅਤੇ ਇਕਤਾ ਦੀ ਪ੍ਰੇਰਨਾ ਮਿਲਦੀ ਹੈ। ਜੋ ਕੁਝ ਹੋਇਆ ਉਸ ਨਾਲ ਗੁਰਦੁਆਰੇ ਦੀ ਸ਼ੋਭਾ ਨੂੰ ਠੇਸ ਪਹੁੰਚੀ ਹੈ ਅਤੇ ਇਹ ਗੱਲ ਸਾਡੇ ਲਈ ਵੱਡਾ ਦੁੱਖ ਹੈ।

ਅਸੀਂ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਸ਼ਾਂਤ ਰਹੋ, ਇਕ-ਦੂਜੇ ਨਾਲ ਪ੍ਰੇਮ ਤੇ ਸਾਂਝ ਬਣਾਈ ਰੱਖੋ ਅਤੇ ਗੁਰੂ ਸਾਹਿਬ ਦੇ ਸਿਧਾਂਤਾਂ ਅਨੁਸਾਰ ਚਰਦੀ ਕਲਾ ਵਿੱਚ ਟਿਕੇ ਰਹੋ। ਸਾਡਾ ਜਵਾਬ ਨਫ਼ਰਤ ਨਾਲ ਨਹੀਂ, ਸਗੋਂ ਇਕਤਾ, ਸਹਿਣਸ਼ੀਲਤਾ ਅਤੇ ਗੁਰਮੱਤ ਦੇ ਰਾਹ ਨਾਲ ਹੋਣਾ ਚਾਹੀਦਾ ਹੈ।

ਇਸ ਔਖੇ ਸਮੇਂ ਵਿੱਚ ਸੰਗਤ ਦੇ ਸਹਿਯੋਗ ਅਤੇ ਅਰਦਾਸਾਂ ਲਈ ਅਸੀਂ ਦਿਲੋਂ ਧੰਨਵਾਦ ਕਰਦੇ ਹਾਂ।

**ਬੋਰਡ ਆਫ਼ ਟਰੱਸਟੀਜ਼ ਵੱਲੋਂ**

ਗੁਰੂ ਨਾਨਕ ਗੁਰਦੁਆਰਾ, ਸੈਡਗਲੀ ਸਟ੍ਰੀਟ, ਵੁਲਵਰਹੈਮਪਟਨ

There Is But One Creator Who Is Realised Through the True Guru's Grace

**GURU NANAK SIKH GURDWARA**

The Trustees

**Press Release**

**From the Board of Trustees – Guru Nanak Gurdwara, Sedgley Street, Wolverhampton**

**Date: 2nd October 2025**

**Wheguru ji Khalsa Wheguru Ji Fateh.**

With heavy hearts, we the Trustees of Guru Nanak Gurdwara strongly condemn the shocking incident that took place on 14 September 2025. Our beloved spokesperson, Bhai Kaptan Singh, was viciously attacked inside the Gurdwara. His *Dastar* was forcibly knocked from his head—an act that is not only deeply offensive but also a painful violation of the dignity of every Sikh. Two other respected members of the *sangat* were also assaulted during this shameful episode.

The silence of those who still cling to the Gurdwara committee without constitutional authority is troubling. Even more hurtful was the convention on 28 September 2025, where the issues in Oldbury and the attack on Sikh taxi drivers were rightly raised, yet there was no word about the assault on Bhai Kaptan Singh. To ignore such a grave attack, carried out in the sacred *Darbar Sahib* itself, is distressing for the entire *sangat*.

Violence has no place in the House of Guru Nanak. The Gurdwara is where peace, humility, and unity must flourish. What happened has brought sorrow and disrepute to this holy place, and we must never allow such actions to divide us.

We appeal to the *sangat* to remain calm, to rise above anger, and to stand firm in peace and harmony. Let us respond not with hatred, but with unity and Chardi Kala, upholding the values of our Gurus.

We thank the *sangat* for their continued support, understanding, and prayers at this difficult time.

**From the Board of Trustees**

Guru Nanak Gurdwara, Sedgley Street, Wolverhampton

ਆਵਾਜ਼ਿ ਕੌਮ AWAZE QAUM International Newspaper & WEB TV

**ਵੁਲਵਰਹੈਮਪਟਨ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ) - ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟ੍ਰੀਟ, ਵੁਲਵਰਹੈਮਪਟਨ ਦੇ ਟਰੱਸਟੀਜ਼ ਵੱਲੋਂ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਹੈ ਕਿ 14 ਸਤੰਬਰ 2025 ਨੂੰ ਗੁਰਦੁਆਰੇ ਅੰਦਰ ਪੰਥਕ ਆਗੂ ਭਾਈ ਕਪਤਾਨ ਸਿੰਘ ਜੀ 'ਤੇ ਕੀਤਾ ਗਿਆ ਕਾਇਰਾਨਾ ਹਮਲਾ ਨਾ ਸਿਰਫ਼ ਨਿੰਦਨਯੋਗ ਹੈ, ਸਗੋਂ ਗੁਰੂਘਰ ਦੀ ਪਵਿੱਤਰ ਮਰਯਾਦਾ ਦੀ ਘੋਰ ਉਲੰਘਣਾ ਹੈ। ਟਰੱਸਟੀਜ਼ ਨੇ ਕੜੇ ਸ਼ਬਦਾਂ ਵਿੱਚ ਕਿਹਾ ਕਿ ਇਹ ਹਮਲਾ ਸਿੱਖ ਕੌਮ ਦੀ ਇਜ਼ਤ, ਏਕਤਾ ਅਤੇ ਗੁਰਮਰਯਾਦਾ 'ਤੇ ਸਿੱਧਾ ਹਮਲਾ ਹੈ। ਦੁੱਖ ਦੀ ਗੱਲ ਹੈ ਕਿ ਗੁਰਦੁਆਰਾ ਕਮੇਟੀ ਵੱਲੋਂ ਹੁਣ ਤੱਕ ਕੋਈ ਵੀ ਗੰਭੀਰ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਸੰਗਤ ਦੇ ਮਨ ਵਿੱਚ ਭਾਰੀ ਰੋਸ ਪੈਦਾ ਹੋਇਆ ਹੈ। ਉਨ੍ਹਾਂ ਨੇ ਯਾਦ ਦਿਵਾਇਆ ਕਿ 28 ਸਤੰਬਰ ਨੂੰ ਹੋਏ ਵੱਡੇ ਪੰਥਕ ਸੰਮੇਲਨ ਵਿੱਚ ਵੀ ਇਸ ਹਮਲੇ ਨੂੰ ਸਿੱਖ ਕੌਮ ਵਿਰੁੱਧ ਇਕ ਸੋਚੀ-ਸਮਝੀ ਸਾਜ਼ਿਸ਼ ਦੱਸਿਆ ਗਿਆ ਸੀ ਅਤੇ ਸਪਸ਼ਟ ਮੰਗ ਕੀਤੀ ਗਈ ਸੀ ਕਿ ਜ਼ਿੰਮੇਵਾਰਾਂ ਨੂੰ ਬੇਨਕਾਬ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ। ਟਰੱਸਟੀਜ਼ ਨੇ ਚੇਤਾਵਨੀ ਦਿੱਤੀ ਕਿ ਗੁਰੂ ਨਾਨਕ ਦੇ ਘਰ ਵਿੱਚ ਹਿੰਸਾ ਅਤੇ ਗੁੰਡਾਗਰਦੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਪ੍ਰਬੰਧਕ ਕਮੇਟੀ 'ਤੇ ਜ਼ੋਰ ਦਿੰਦੇ ਹੋਏ ਕਿਹਾ ਗਿਆ ਕਿ ਉਹ ਤੁਰੰਤ ਕਾਰਵਾਈ ਕਰੇ ਤਾਂ ਜੋ ਭਵਿੱਖ ਵਿੱਚ ਕਿਸੇ ਨੂੰ ਵੀ ਗੁਰੂਘਰ ਦੀ ਪਵਿੱਤਰਤਾ ਨਾਲ ਖਿਲਵਾਰ ਕਰਨ ਦੀ ਹਿੰਮਤ ਨਾ ਹੋਵੇ। ਅੰਤ ਵਿੱਚ ਸਾਰੀ ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਗੁਰੂਘਰ ਦੀ ਮਰਯਾਦਾ ਦੀ ਰੱਖਿਆ, ਪੰਥਕ ਏਕਤਾ ਅਤੇ ਸ਼ਾਂਤੀ ਲਈ ਇਕਜੁੱਟ ਹੋ ਕੇ ਖੜ੍ਹੇ ਹੋਣ।**













# ਗੁਰਦੁਆਰਾ ਬਾਬਾ ਮਹਿਮਾ ਸਾਹਿਬ ਜੀ ਮਹਿਮੇ ਚੱਕ ਵੱਲੋਂ ਭਾਈ ਕਪਤਾਨ ਸਿੰਘ 'ਤੇ ਹਮਲੇ ਦੀ ਘੋਰ ਨਿੰਦਾ




**ਗੁਰਦਾਸਪੁਰ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**- ਗੁਰਦੁਆਰਾ ਬਾਬਾ ਮਹਿਮਾ ਸਾਹਿਬ ਜੀ ਪਿੰਡ ਮਹਿਮੇ ਚੱਕ ਦੇ ਪ੍ਰਬੰਧਕਾਂ ਅਤੇ ਇਲਾਕੇ ਦੀ ਸਮੂਹ ਸੰਗਤ ਵੱਲੋਂ ਇੰਗਲੈਂਡ ਵਿੱਚ ਪੰਥਕ ਆਗੂ ਭਾਈ ਕਪਤਾਨ ਸਿੰਘ 'ਤੇ ਹੋਏ ਕਾਇਰਾਨਾ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ। ਭਾਈ ਕਪਤਾਨ ਸਿੰਘ, ਜੋ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ ਅਤੇ ਜੋ ਦੇਸ਼-ਵਿਦੇਸ਼ ਵਿੱਚ ਧਾਰਮਿਕ, ਸਮਾਜਿਕ ਅਤੇ ਪੰਥਕ ਸੇਵਾਵਾਂ ਵਿੱਚ ਸਦਾ ਅੱਗੇ ਰਹਿੰਦੇ ਹਨ, ਉਨ੍ਹਾਂ 'ਤੇ ਕੀਤੇ ਗਏ ਹਮਲੇ ਨੇ ਇਲਾਕੇ ਦੀਆਂ ਸੰਗਤਾਂ ਦੇ ਦਿਲਾਂ 'ਚ ਗਹਿਰਾ ਰੋਸ ਪੈਦਾ ਕੀਤਾ ਹੈ। ਸੰਗਤਾਂ ਦਾ ਕਹਿਣਾ ਹੈ ਕਿ ਵਿਦੇਸ਼ਾਂ ਦੀ ਧਰਤੀ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁੰਡਾਗਰਦੀ ਕਰਨਾ ਅਤੇ ਗੁਰਦੁਆਰਾ ਸਾਹਿਬ ਅੰਦਰ ਮਹਾਰਾਜ ਦੀ ਹਜ਼ੂਰੀ ਵਿੱਚ ਭਾਈ ਕਪਤਾਨ ਸਿੰਘ ਨਾਲ ਬਦਸਲੂਕੀ ਕਰਨੀ, ਫਿਰ ਬਾਹਰ ਲਿਜਾ ਕੇ ਉਨ੍ਹਾਂ ਦੀ ਦਸਤਾਰ ਤੇ ਗੁਰੂ ਕੇ ਕਕਾਰਾਂ ਦੀ ਬੇਅਦਬੀ ਕਰਨੀ - ਇਹ ਪੂਰੀ ਸਿੱਖ ਕੌਮ ਲਈ ਅਸਹਿਣਯੋਗ ਹੈ। ਗੁਰਦੁਆਰਾ ਬਾਬਾ ਮਹਿਮਾ ਸਾਹਿਬ ਦੀ ਕਮੇਟੀ ਅਤੇ ਇਲਾਕੇ ਦੀ ਸੰਗਤਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਇੰਗਲੈਂਡ ਦੇ ਸਿੱਖ ਆਗੂ ਅਤੇ ਗੁਰਦੁਆਰਾ ਕਮੇਟੀਆਂ ਨੇ ਇਸ ਘੋਰ ਬੇਅਦਬੀ ਦੇ ਜ਼ਿੰਮੇਵਾਰ ਤੱਤਾਂ ਨੂੰ ਜਲਦੀ ਸਾਹਮਣੇ ਨਹੀਂ ਲਿਆਂਦਾ ਤਾਂ ਇਹ ਮਸਲਾ ਸ਼੍ਰੀ ਅਕਾਲ ਤਖ਼ਤ ਸਾਹਿਬ ਲੈ ਕੇ ਜਾਵਾਂਗੇ ਅਤੇ ਫੋਕੀਆਂ ਪੰਥਕ ਡੀਂਗਾਂ ਮਾਰਨ ਵਾਲੇ ਚਿਹਰੇ ਸੰਗਤਾਂ ਦੇ ਸਾਹਮਣੇ ਬੇਨਕਾਬ ਕੀਤੇ ਜਾਣਗੇ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ, ਕੁਲਦੀਪ ਸਿੰਘ ਸਰਪੰਚ, ਭਾਈ ਕੁਲਜੀਤ ਸਿੰਘ, ਬਾਬਾ ਲੱਖਾ ਸਿੰਘ, ਹੈਡ ਗ੍ਰੰਥੀ ਬਾਬਾ ਸਾਹਿਬ ਸਿੰਘ, ਬਾਬਾ ਭਾਗ ਸਿੰਘ, ਬਲਕਾਰ ਸਿੰਘ, ਜਸਪਾਲ ਸਿੰਘ, ਰਸਪਾਲ ਸਿੰਘ, ਹੈਡ ਗ੍ਰੰਥੀ ਬਾਬਾ ਪ੍ਰੇਮ ਸਿੰਘ, ਭਾਈ ਤਜਿੰਦਰ ਸਿੰਘ, ਜਰਮਨ ਸਿੰਘ, ਹਰਦੀਪ ਸਿੰਘ, ਪਵਿੱਤਰ ਸਿੰਘ, ਸਤਨਾਮ ਸਿੰਘ, ਜਪਨੂਰ ਸਿੰਘ, ਅਰਸ਼ਾਂ ਸਿੰਘ, ਨਰਿੰਦਰ ਸਿੰਘ, ਪ੍ਰਭਜੀਤ ਸਿੰਘ, ਅਕਾਸ਼ਦੀਪ ਸਿੰਘ, ਬਖ਼ਸ਼ੀਸ਼ ਸਿੰਘ, ਮਨਜਿੰਦਰ ਸਿੰਘ ਸਮੇਤ ਅਨੇਕਾਂ ਸੰਗਤਾਂ ਹਾਜ਼ਰ ਸਨ। ●●








# ਸਿੰਘ ਸਭਾ ਸਾਊਥਾਲ ਦੀ 5 ਅਕਤੂਬਰ, ਐਤਵਾਰ ਵਾਲੇ ਦਿਨ ਹੋਣ ਵਾਲੀ ਚੋਣ ਵਿੱਚ - ਆਪਣਾ ਕੀਮਤੀ ਵੋਟ 'ਸ਼ੇਰ' ਗਰੁੱਪ ਨੂੰ ਹੀ ਪਾ ਕੇ ਕਾਮਯਾਬ ਬਣਾਓ




ਸਿੰਘ ਸਭਾ ਸਾਊਥਾਲ , ਸੰਸਾਰ ਭਰ ਵਿਚ ਵਿਦੇਸ਼ ਦੇ ਸਿੱਖਾਂ ਦੀ ਅੰਤਰਰਾਸ਼ਟਰੀ ਵਕਾਰ ਵਾਲੀ ਇਤਿਹਾਸਕ ਸੰਸਥਾ ਚੱਲੀ ਆ ਰਹੀ ਸੀ।

ਮੌਜੂਦਾ ਪ੍ਰਬੰਧ ਇਸ ਪੱਖੋਂ ਬੁਰੀ ਤਰਾਂ ਫੇਹਲ ਹੈ ।23 ਸਤੰਬਰ ਸਵੇਰੇ ਤਿੰਨ ਵਜੇ ਅਕਾਲ ਤਖ਼ਤ ਵੱਲੋਂ ਛੇਕੇ ਵਿਅਕਤੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕਾਂਢ ਹੋਇਆ। ਸਕਿਊਰਿਟੀ ਵਾਲੇ ਨਾਲ ਧੱਕਾ ਮੁੱਕੀ ਕਰਕੇ 7 ਸਰੂਪ ਚੋਰੀ ਕਰ ਕੇ ਲੈ ਗਏ ।ਸਟੇਜ ਸੈਕਟਰੀ ਨੇ ਚੋਰੀ ਬਾਰੇ ਕਿਹਾ ਕਿ ਪੁਲਿਸ ਨੂੰ ਨਹੀਂ ਦੱਸਣਾ ।ਪ੍ਰਬੰਧ ਦੀ ਇਹ ਘਿਨਾਉਣੀ ਕਾਰਵਾਈ ਛੇਕੇ ਹੋਏ ਲੋਕਾਂ ਨਾਲ ਮਿਲੀ ਭੁਗਤ ਸੀ । ਪਿਛਲੀ ਜਨਰਲ ਬਾਡੀ ਵਿਚ ਪਰਵਾਰ ਵਾਦ,ਭਾਈ ਭਤੀਜਾ ਵਾਦ ਰਾਹੀ ਟਰਸਟ ਦੀ ਬਣਤਰ ਗੰਡੀ ਗਈ ।ਜੋ 1981/82 ਦੇ ਦੌਰਾਨ ਦਾ ਅਡੀਲਾ ਕੰਪਨੀ ਦਾ ਸਨਸਨੀਖ਼ੇਜ਼ ਦੌਰ ਹੀ ਹੈ ।ਇਹ ਸਾਰਾ ਵਰਤਾਰਾ ਗੈਰ ਕਾਨੂੰਨੀ, ਚੈਰਿਟੀ ਵਿਰੁੱਧ ਹੈ ।ਅਜਿਹਾ ਕਰਕੇ ਗੁਰਦੁਆਰਾ ਸਾਹਿਬ ਤੇ ਜਾਇਦਾਦਾਂ ਨੂੰ ਗੁਰੂ ਤੇ ਗੁਰੂ ਸੰਗਤ ਨਾਲੋਂ ਆਪਣੀ ਜਾਤੀ ਮਲਕੀਅਤ ਦਾ ਹਵਾਲਾ ਦਿਸਦਾ ਹੈ । ਗੁਰੂ, ਗੁਰੂ ਪੰਥ, ਗੁਰੂ ਸੰਗਤ ਦੀ ਸਮੁੱਚੀ ਸਿੱਧਾਂਕਤ , ਗੁਰਮਤ ਵਿਚਾਰ ਧਾਰਾ , ਸਾਂਝੀਵਾਲਤਾ ਨੂੰ ਗੰਭੀਰ ਸੱਟ ਮਾਰੀ ਜਾ ਰਹੀ ਹੈ । ਵਿਧਾਨਕ ਅਧਿਕਾਰ ਖੇਤਰ ਦੀ ਆੜ ਵਿਚ ਸਭਾ ਦਾ ਜਨਰਲ ਸਕੱਤਰ , ਆਪਣੇ ਹੱਕਾਂ ਦੀ ਦਰਵਰਤੋ ਜਿਸ ਤਰਾਂ ਕਰਦਾ ਪ੍ਰਤੀਤ ਹੁੰਦਾ ਹੈ , ਸਭਾ ਦੀ ਆਮਦਨ ਤੇ ਫ਼ਾਇਨਾਂਸ ਨੂੰ ਬਹੁਤ ਸੱਟ ਵੱਜ ਰਹੀ ਹੈ , ਫ਼ਾਈਨੈਸਲ ਨੁਕਸਾਨ ਕੀਤੇ ਜਾ ਰਹੇ ਹਨ । ਸਭਾ ਨੂੰ ਮੁੜ ਪੰਥਕ ਲੀਹਾਂ ਤੇ ਚਲਾਉਣ ਲਈ ਚੰਗੇ ਪ੍ਰਬੰਧ ਦੀ ਲੋੜ ਹੈ ।ਜੋ ਪਰਵਾਰ,ਭਾਈ/ਭਤੀਜਾ ਵਾਦ ਦੀ ਗੁੱਟਬੰਦੀ ਤੋਂ ਨਿਰਲੇਪ ਹੋ ਕੇ ਸਿੰਘ ਸਭਾ ਨੂੰ ਪੰਥਕ ਖੇਤਰ ਵਿਚ ਫਿਰ ਤੋਂ ਚੜਦੀ ਕਲਾ ਵਿਚ ਲੈ ਕੇ ਆਵੇ ।ਇਹ ਸਾਰੇ ਕੰਮ ਸ਼ੇਰ ਗਰੁਪ ਦੇ ਸੇਵਾਦਾਰ ਬਾਖੂਬੀ ਨਾਲ ਨਿਭਾਉਣ ਵਿੱਚ ਕਾਮਯਾਬ ਹੋ ਸਕਣਗੇ ।

**ਸਭਾ ਦੇ ਸਮੂਹ ਵੋਟਰਾਂ ਨੂੰ ਅਪੀਲ ਹੈ ਕਿ ਉਹ 5 ਅਕਤੂਬਰ ਨੂੰ ਸ਼ੇਰ ਗਰੁੱਪ ਨੂੰ ਵੋਟ ਪਾ ਕੇ ਕਾਮਯਾਬ ਬਣਾਓ ।**



ਸਤਿਗੁਰ ਚੜਦੀ ਕਲਾ ਬਖਸ਼ਣਗੇ ।

ਗੁਰੂ ਪੰਥ ਦੇ ਦਾਸ

**ਪਰਮਿੰਦਰ ਸਿੰਘ ਬੱਲ , ਪ੍ਰਧਾਨ**

ਅਜੀਤਪਾਲ ਸਿੰਘ ਸਹੋਤਾ,ਜਨਰਲ ਸਕੱਤਰ, ਹਰਮੇਲ ਸਿੰਘ ਖ਼ਾਲਸਾ , ਮੀਤ ਪ੍ਰਧਾਨ


ਸਿੱਖ ਫੈਡਰੇਸ਼ਨ, ਯੂ ਕੇ , ਈਮੇਲ: psbal46@gmail.com

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦਿਨ ਐਤਵਾਰ 19 ਅਕਤੂਬਰ 2025

ਸ਼ਹੀਦੀ ਦਿਹਾੜਾ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

ਨਗਰ ਕੀਰਤਨ ਦੀ ਆਰੰਭਤਾ ਸਮਾਂ 12:00 ਤੋਂ ਸ਼ਾਮ 5 ਵਜੇ ਪਿੰਡ ਕਾਜ਼ਲਮੋਰਾਨੋ ਵਿਚ ਹੀ ਸਮਾਪਤੀ ਹੋਵੇਗੀ।

ਸ਼ਨਿੱਚਰਵਾਰ 18 ਅਕਤੂਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।

ਐਤਵਾਰ 19 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:00 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਯੂ ਕੇ ਵਾਲੇ , ਕਥਾ ਵਾਚਕ , ਕਵੀਸ਼ਰੀ ਜਥਾ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ




ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ




ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ (ਕੈਨੇਡਾ)



ਸ਼ਹੀਦ ਭਾਈ ਅਵਤਾਰ ਸਿੰਘ ਖੰਡਾ (ਇੰਗਲੈਂਡ)



ਜਲਾਵਤਨੀ ਸਵ. ਭਾਈ ਗਜਿੰਦਰ ਸਿੰਘ ਦਲ ਖਾਲਸਾ

ਸ਼ਹੀਦ ਭਾਈ ਜੱਥੇਦਾਰ ਤਲਵਿੰਦਰ ਸਿੰਘ ਬੱਬਰ, ਭਾਈ ਗਜਿੰਦਰ ਸਿੰਘ ਦਲ ਖ਼ਾਲਸਾ, ਹਰਦੀਪ ਸਿੰਘ ਨਿੱਜਰ, ਅਵਤਾਰ ਸਿੰਘ ਖੰਡਾ , ਭਾਈ ਹਰਬੰਸ ਸਿੰਘ ਜੋਸ਼ ਜੀ ਅਤੇ ਸਮੂਹ ਕੌਮੀ ਯੋਧਿਆਂ ਅਤੇ ਸ਼ਹੀਦਾਂ ਦੀ ਯਾਦ ਨੂੰ ਸਮੱਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਹੋਵੇਗਾ।

## 5 ਅਕਤੂਬਰ (ਐਤਵਾਰ) ਨੂੰ

ਦੁਪਿਹਰ 1 ਵਜੇ ਤੋਂ 3 ਵਜੇ ਤੱਕ ਪੰਥ ਦੇ ਮਹਾਨ ਰਾਗੀ ਤੇ ਢਾਡੀ ਜੱਥਿਆਂ, ਢਾਡੀ ਜਥਾ ਜੱਥੇਦਾਰ ਹਰਮੇਲ ਸਿੰਘ ਦਿਲਬਰ, ਭਾਈ ਗੁਰਬਚਨ ਸਿੰਘ ਅਣਖੀ, ਭਾਈ ਇਕਬਾਲ ਸਿੰਘ ਜੀ ਦੇ ਜੱਥੇ ਵੱਲੋਂ ਆਪ ਜੀ ਨੂੰ ਕੀਰਤਨ ਅਤੇ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਜਾਵੇਗਾ।

**ਪੰਥਕ ਬੁਲਾਰੇ ਆਪ ਜੀ ਨੂੰ ਮਹਾਨ ਸ਼ਹੀਦਾਂ ਦੀ ਜੀਵਨੀ ਤੋਂ ਜਾਣੂ ਕਰਵਾਉਣਗੇ।**



ਸਵ. ਭਾਈ ਹਰਬੰਸ ਸਿੰਘ ਜੋਸ਼ ਢਾਡੀ



ਭਾਈ ਪਰਮਜੀਤ ਸਿੰਘ, ਪ੍ਰਧਾਨ ਦਲ ਖਾਲਸਾ ਪੰਜਾਬ

**ਭਾਈ ਪਰਮਜੀਤ ਸਿੰਘ, ਪ੍ਰਧਾਨ ਦਲ ਖਾਲਸਾ ਪੰਜਾਬ ਸਮਾਗਮ ਦੇ ਮੁਖ ਬੁਲਾਰੇ ਹੋਣਗੇ ਵਿਸ਼ੇਸ਼ ਰੂਪ ਵਿੱਚ ਹਾਜ਼ਰੀ ਭਰਨਗੇ**

ਜੱਥੇਦਾਰ ਹਰਮੇਲ ਸਿੰਘ ਦਿਲਬਰ ਅਤੇ ਦਲ ਖ਼ਾਲਸਾ ਵੱਲੋਂ ਬੇਨਤੀ ਹੈ ਕਿ ਪਰਿਵਾਰ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜ਼ਰੂਰ ਪਹੁੰਚੋ ਜੀ।

ਆਵਾਜ਼ਿ ਕੌਮ AWAZE QAUM International Newspaper & WEB TV

--✶ ਜਾਰੀ ਕਰਤਾ ✶--

## ਜਥੇਦਾਰ ਹਰਮੇਲ ਸਿੰਘ ਦਿਲਬਰ
## ਪ੍ਰਧਾਨ ਦਲ ਖਾਲਸਾ (ਯੂ. ਕੇ.)


ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ
29ਵਾਂ
ਸਲਾਨਾ ਗੁਰਮਤਿ ਸਮਾਗਮ
ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ
20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ
ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ
ਨੂੰ ਸ੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।
ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।
1 ਨਵੰਬਰ 2025 ਦਿਨ ਸ਼ਨੀਵਾਰ ਨੂੰ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ
ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ
ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ
ਮੋ: 98141-27470, 73408-35137
ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404
ਆਵਾਜ਼ਿ ਕੌਮ AWAZE QAUM
International Newspaper & WEB TV


SHER GROUP
CANDIDATES
S. Gurmail Singh Malhi
Sewadar Sher Group
S. Didar Singh Randhawa
Chairman Sher Group
VOTE
ਸ਼ੇਰ ਗਰੁੱਪ
SHER GROUP
S. Harjit Singh
ਸ. ਹਰਜੀਤ ਸਿੰਘ
S. Surinder Singh Dhatt
ਸ. ਸੁਰਿੰਦਰ ਸਿੰਘ ਢੱਟ
S. Gurbachan Singh Athwal
ਸ. ਗੁਰਬਚਨ ਸਿੰਘ ਅਠਵਾਲ
S. Shambir Singh Moon Sangha
ਸ. ਸ਼ਰਨਬੀਰ ਸਿੰਘ ਮੂਨ ਸੰਘਾ
Bibi Surjeet Kaur Bassi
ਬੀਬੀ ਸੁਰਜੀਤ ਕੌਰ ਬਾਸੀ
Bibi Kamalpreet Kaur
ਬੀਬੀ ਕਮਲਪ੍ਰੀਤ ਕੌਰ
Bibi Kiranjeet Kaur
ਬੀਬੀ ਕਿਰਨਜੀਤ ਕੌਰ
S. Baljinder Sing Hansra
ਸ. ਬਲਜਿੰਦਰ ਸਿੰਘ ਹੰਸਰਾ
S. Jai Simran Singh
ਸ. ਜੈ ਸਿਮਰਨ ਸਿੰਘ
S. Manjit Singh
ਸ. ਮਨਜੀਤ ਸਿੰਘ
S. Satname Singh Chauhan
ਸ. ਸਤਨਾਮ ਸਿੰਘ ਚੌਹਾਨ
S. Jaswant Singh Mand
ਸ. ਜਸਵੰਤ ਸਿੰਘ ਮੰਡ
S. Kewal Singh Randeva
ਸ. ਕੇਵਲ ਸਿੰਘ ਰਣਦੇਵਾ
S. Gurdeep Singh
ਸ. ਗੁਰਦੀਪ ਸਿੰਘ
S. Joginder Singh
ਸ. ਜੋਗਿੰਦਰ ਸਿੰਘ
S. Ishtmeet Singh Phull
ਸ. ਇਸ਼ਟਮੀਤ ਸਿੰਘ ਫੁੱਲ
S. Ajmer Singh Virdee
ਸ. ਅਜਮੇਰ ਸਿੰਘ ਵਿਰਦੀ
S. Parmjit Singh dhaliwal
ਸ. ਪ੍ਰਮਜੀਤ ਸਿੰਘ ਧਾਲੀਵਾਲ
S. Amrik Singh
ਸ. ਅਮਰੀਕ ਸਿੰਘ
S. Gulzar Singh Chatrath
ਸ. ਗੁਲਜਾਰ ਸਿੰਘ ਚਿੱਤਰਥ
Gurmail Singh Malhi
ਗੁਰਮੇਲ ਸਿੰਘ ਮੱਲੀ
Harjit Singh
ਹਰਜੀਤ ਸਿੰਘ
Surinder Singh Dhatt
ਸੁਰਿੰਦਰ ਸਿੰਘ ਢੱਟ
Gurbachan Singh Athwal
ਗੁਰਬਚਨ ਸਿੰਘ ਅਠਵਾਲ
Sharnbir Singh Moon Sangha
ਸ਼ਰਨਬੀਰ ਸਿੰਘ ਮੂਨ ਸੰਘਾ
Bibi Surjeet Kaur Bassi
ਬੀਬੀ ਸੁਰਜੀਤ ਕੌਰ ਬਾਸੀ
Bibi Kamal Preet Kaur
ਬੀਬੀ ਕਮਲਪ੍ਰੀਤ ਕੌਰ
Bibi Kiranjeet Kaur
ਬੀਬੀ ਕਿਰਨਜੀਤ ਕੌਰ
Baljinder Singh Hansra
ਬਲਜਿੰਦਰ ਸਿੰਘ ਹੰਸਰਾ
Jai Simran Singh
ਜੈ ਸਿਮਰਨ ਸਿੰਘ
Manjit Singh
ਮਨਜੀਤ ਸਿੰਘ
Satnam Singh Chauhan
ਸਤਨਾਮ ਸਿੰਘ ਚੌਹਾਨ
Jaswant Singh Mand
ਜਸਵੰਤ ਸਿੰਘ ਮੰਡ
Kewal Singh Randeva
ਕੇਵਲ ਸਿੰਘ ਰਣਦੇਵਾ
Gurdeep Singh
ਗੁਰਦੀਪ ਸਿੰਘ
Joginder Singh
ਜੋਗਿੰਦਰ ਸਿੰਘ
Ishtmeet Singh Phull
ਇਸ਼ਟਮੀਤ ਸਿੰਘ ਫੁੱਲ
Ajmer Singh Virdee
ਅਜਮੇਰ ਸਿੰਘ ਵਿਰਦੀ
Parmjit Singh Dhaliwal
ਪ੍ਰਮਜੀਤ ਸਿੰਘ ਧਾਲੀਵਾਲ
Amrik Singh
ਅਮਰੀਕ ਸਿੰਘ
Gulzar Singh Chatrath
ਗੁਲਜਾਰ ਸਿੰਘ ਚਿੱਤਰਥ
ਆਵਾਜ਼ਿ ਕੌਮ
AWAZE QAUM
International Newspaper & WEB TV

## ਇੰਗਲੈਂਡ ਅਤੇ ਯੌਰਪ ਦੀਆਂ ਸਿੱਖ ਸੰਗਤਾਂ ਲਈ ਖੁਸ਼ਖਬਰੀ

### ਆਵਾਜ਼ਿ ਕੌਮ ਟੂਰ & ਟਰੈਵਲਜ਼ ਅਤੇ ਸ: ਰਘਬੀਰ ਸਿੰਘ ਵਲੋਂ

# ਨਨਕਾਣਾ ਸਾਹਿਬ ਯਾਤਰਾ

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ੍ਰੀ ਨਨਕਾਣਾ ਸਾਹਿਬ ਮਨਾਓ ਜੀ।

**ਨਵੰਬਰ 2025**
ਬੁਕਿੰਗ ਸ਼ੁਰੂ ਹੈ

**ਪਾਕਿਸਤਾਨ ਯਾਤਰਾ ਪੈਕੇਜ £1650**



**NOV 2025**
Book Now

**Pakistan Yatra Package £1650**

## 9 Days Yatra - 31 Oct to 8 Nov, 2025

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਪਿਆਰੀ ਸੰਗਤ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ॥
ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ 5 ਨਵੰਬਰ ਨੂੰ ਸ੍ਰੀ ਨਨਕਾਣਾ ਸਮੇਤ ਸੰਸਾਰ ਭਰ ਵਿ'ਚ ਮਨਾਇਆ ਜਾ ਰਿਹਾ ਹੈ। ਸਿੰਘ ਟਰੈਵਲ ਅਤੇ ਗੁਰਧਾਮ ਯਾਤਰਾ ਸੇਵਾ ਸੁਸਾਇਟੀ ਵਲੋਂ 2010 ਤੋਂ ਹਰ ਸਾਲ ਫਰਵਰੀ, ਮਾਰਚ, ਅਪ੍ਰੈਲ, ਸਤੰਬਰ ਅਤੇ ਨਵੰਬਰ ਵਿੱਚ ਸੰਗਤਾਂ ਨੂੰ ਪੰਥ ਤੋਂ ਵਿਛੜੇ ਸ੍ਰੀ ਨਨਕਾਣਾ ਸਾਹਿਬ ਅਤੇ 25 ਤੋਂ ਵੱਧ ਗੁਰਧਾਮਾਂ ਦੇ ਦਰਸ਼ਨ, ਯੌਰਪ ਅਤੇ ਦੁਬਈ ਦੇ ਟੂਰ ਕਰਵਾਏ ਜਾਂਦੇ ਹਨ। ਹੁਣ ਤੱਕ ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਯੌਰਪ ਸਮੇਤ ਸੰਸਾਰ ਭਰ ਦੀਆਂ ਹਜਾਰਾਂ ਸੰਗਤਾਂ ਪ੍ਰੀਵਾਰ ਸਮੇਤ ਦਰਸ਼ਨ ਕਰ ਚੁੱਕੀਆਂ ਹਨ, ਤੁਸੀ ਵੀ ਵਧੀਆ ਪ੍ਰਵਾਰਿਕ ਮਾਹੌਲ ਵਿੱਚ ਖੁੱਲੇ ਦਰਸ਼ਨ ਦੀਦਾਰ ਕਰਨ ਅਤੇ ਭਰੋਸੇਯੋਗ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ ਜੀ। **ਪੰਜਾਂ ਤਖਤਾਂ ਦੀ ਯਾਤਰਾ ਅਤੇ ਬਜ਼ੁਰਗਾਂ ਦੇ ਪਿੰਡ ਵੇਖਣ ਦਾ ਖਾਸ ਪ੍ਰਬੰਧ ਹੈ।**

ਸੰਸਾਰ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਲਈ ਇਕ ਵਾਰ ਫੋਨ ਜਰੂਰ ਘੁਮਾਓ ਜੀ।

**Yatra Expenses from UK: Pakistan 950 + Dubai 695 = From Europe Pakistan 1095 Dubai 795**
(Pak Visa, Hotel Twin Share + AC Delux Buses + Veg food + Z+ Security, Attraction Fees & Mineral Water Including the Yatra Expenses)
Special Discount on Yatra for family with Kids & 5 Star Yatra Package available on request



## Awaze Qaum Tour & Travels

**Tel: +44 7976 210161**

Canada & USA Sangat Call Jasbir Sgh Boparai @
Canada:+1-647-231-1600- USA: +1-716-342-6007

Awaze Qaum Tour & Travels & Raghbir Singh Jatha

SINGH TRAVEL & TOURS LTD.

GURDHAM YATRA & SEVA SOCIETY CANADA GURDHAMYATRA.COM

Singh Travel

# YATRA NANKANA SAHIB

OCT 30 - NOV 8, 2025

ਆਵਾਜ਼ਿ ਕੌਮ AWAZE QAUM International Newspaper & WEB TV







Nankana Sahib Panja Sahib kartarpur Sahib

## 25+ Gurdwara's & Historical places darshan

ਸਿੰਘ ਟਰੈਵਲ ਨਾਲ ਇੱਕ ਵਾਰ ਯਾਤਰਾ ਜਰੂਰ ਕਰੋ, ਸਾਡਾ 16 ਸਾਲ ਦਾ ਯਾਤਰਾ ਤਜ਼ਰਬਾ, ਤੁਹਾਡੀ ਯਾਤਰਾ ਯਾਦਗਾਰੀ ਬਣਾ ਦੇਵੇਗਾ।

YATRA WITH SINGH TRAVEL – WE MAKE YOUR YATRA TRULY MEMORABLE!

4 Days Dubai + all meals Ac Buses, 5 Attractions Airport & hotel
UK. 695
Europe. 795

9 Days + Veg meals, Ac Buses, Visa+ Hotels & Z+ Security, Without Ticket
UK. 950
Europe. 1095

Pakistan Yatra 9 Days + Veg meals, Ac Buses, Visa+ Hotels, Z+ Security & Return Air Ticket
UK. 1650

Raghbir Singh
07976 210161

Mangal Singh
07939 486321

Jasbir S. Boparai
+1 647.231.1600




### ਅਣਖੀ ਬੰਦੇ ਦੀ ਪਹਿਚਾਣ ਹੁੰਦੀ ਆ ਆਪਣੀ ਜੁਬਾਨ ਵਿੱਚੋਂ ਕੱਢੇ ਸ਼ਬਦਾਂ ਤੇ ਸਟੈਂਡ ਕਰਨਾ

# ਬੇਰੜੇ ਬੀਜ ਦਾ ਕੋਈ ਦੀਨ ਇਮਾਨ ਤੇ ਸਟੈਂਡ ਨਹੀਂ ਹੁੰਦਾ

ਪਿੰਡਾਂ ਵਾਲੇ ਬਜ਼ੁਰਗ ਇੱਕ ਸ਼ਬਦ ਵਰਤਦੇ ਨੇ ਬੇਰੜਾ ਬੀਜ । ਅਸਲ ਦੇ ਵਿੱਚ ਇਹ ਸ਼ਬਦ ਦੀ ਵਰਤੋਂ ਸਿਰੇ ਦੇ ਚਗਲ, ਚੁਗਲੀਬਾਜ਼ ਬੰਦੇ ਲਈ ਕੀਤੀ ਜਾਂਦੀ ਆ । ਜੋ ਦਿਖਣ ਨੂੰ ਤਾਂ ਬੰਦਾ ਹੀ ਹੁੰਦਾ ਪਰ ਜਿਸ ਨੂੰ ਜਨਾਨੀਆਂ ਵਾਂਗੂ ਚੁਗਲੀਆਂ ਕਰਨ ਦੀ ਆਦਤ ਹੁੰਦੀ ਹੈ । ਅਸਲ ਦੇ ਵਿੱਚ ਇਸ ਤਰ੍ਹਾਂ ਦੀ ਨਸਲ ਖੱਟੀ ਹੀ ਚੁਗਲੀਆਂ ਦੀ ਖਾਂਦੀ ਆ । ਸਾਹਮਣੇ ਖੜਕੇ ਗੱਲ ਕਰਨ ਦਾ ਜਿਗਰਾ ਇਹਨਾਂ ਨੂੰ ਵਿਰਾਸਤ

## ਜੁਬਾਨ ਤੋਂ ਪਲਟਣਾ ਅਤੇ ਜਨਾਨੀਆਂ ਵਾਂਗੂ ਚੁਗਲੀ ਕਰਨਾ ਬੇਰੜੇ ਬੰਦੇ ਦੀ ਹੁੰਦੀ ਆ ਪਹਿਚਾਣ

ਵਿੱਚੋਂ ਨਹੀਂ ਮਿਲਿਆ ਹੁੰਦਾ । ਜੇ ਐਸੇ ਇਨਸਾਨ ਨੂੰ ਗੱਲ ਸਾਹਮਣੇ ਖੜ ਕੇ ਕਰਨੀ ਵੀ ਪੈ ਜਾਏ ਤਾਂ ਇਹ ਦੂਜੇ ਦੇ ਮੋਢੇ ਦਾ ਸਹਾਰਾ ਭਾਲਦੇ ਨੇ । ਐਸੇ ਇਨਸਾਨਾਂ ਨੂੰ ਜੇ ਅਣਖ ਗੈਰਤ ਵਾਲਾ ਬੰਦਾ ਹਲਕਾ ਜਿਹਾ ਵੀ ਕੋਈ ਦਬਕਾ ਮਾਰ ਦੇਵੇ ਤਾਂ ਮੂੰਹ ਚ ਗੁੱਠਾ ਪਾ ਕੇ ਨਿਆਣਿਆ ਵਾਂਗੂ ਸ਼ਿਕਾਇਤ ਕਰਨ ਨੂੰ ਦੌੜ ਪੈਂਦੇ ਨੇ । ਕਿਉਂਕਿ ਇਹਨਾਂ ਦੀਆਂ ਲੱਤਾਂ ਇਨੇ ਜੋਗੀਆਂ ਨਹੀਂ ਹੁੰਦੀਆਂ ਕਿ ਭਾਰ ਸਹਿ ਸਕਣ । ਸਿਆਣੇ ਕਹਿੰਦੇ ਨੇ ਇਹ ਆਪਣੇ ਪਿਓ ਦੇ ਵੀ ਸਕੇ ਨਹੀਂ ਹੁੰਦੇ । ਇਸ ਤਰ੍ਹਾਂ ਦੀ ਨਸਲ ਮੌਕਾ ਪ੍ਰਸਤ, ਮਤਲਬ ਕੱਢੂ ਅਤੇ ਜਵਾਨ ਦੀ ਮਿੱਠੀ ਹੁੰਦੀ ਹੈ । ਆਪਣੇ ਮਤਲਬ ਲਈ ਕਿਸੇ ਦੇ ਵੀ ਗੋਡੇ ਘੁਟਣਾ ਤੇ ਤਲਵੇ ਚੱਟਣਾ ਇਹਨਾਂ ਇਨਸਾਨਾਂ ਲਈ ਮਾਮੂਲੀ ਗੱਲ ਹੁੰਦੀ ਹੈ । ਬੇਰੜੇ ਬੀਜ ਦੀ ਅਸਲ ਪਰਿਭਾਸ਼ਾ ਸ਼ਬਦਾਂ ਦੇ ਵਿੱਚ ਲਿਖਣੀ ਅਸਲ ਦੇ ਵਿੱਚ ਗਾਲ ਕੱਢਣ ਦੇ ਬਰਾਬਰ ਹੈ । ਇਹਨਾਂ ਦੀ ਇੱਕ ਪਰਿਭਾਸ਼ਾ ਇਹ ਵੀ ਹੈ ਕਿ ਇਹ ਮਤਲਬ ਨੂੰ ਆਪਣਾ ਪਿਉ ਵੀ ਬਦਲ ਸਕਦੇ ਨੇ । ਨੌਜਵਾਨ ਪੀੜੀ ਨੂੰ ਜੇ ਇਹ ਗੱਲ ਸਮਝ ਨਾ ਆਵੇ ਤਾਂ ਆਪਣੇ



ਪਿੰਡ ਦੇ ਸੀਨੀਅਰ ਬਜ਼ੁਰਗਾਂ ਤੋਂ ਬੇਰੜੇ ਬੀਜ ਦੀ ਅਸਲ ਪਰਿਭਾਸ਼ਾ ਦੀ ਜਾਣਕਾਰੀ ਲੈ ਸਕਦੇ ਨੇ ।

ਦੂਜੇ ਪਾਸੇ ਅਣਖ ਤੇ ਗੈਰਤ ਵਾਲੇ ਇਨਸਾਨ ਆਪਣੀ ਜੁਬਾਨ ਅਤੇ ਸਟੈਂਡ ਤੇ ਖੜੇ ਰਹਿੰਦੇ ਹਨ ਚਾਹੇ ਆਪਣਾ ਨਿੱਜੀ ਨੁਕਸਾਨ ਵੀ ਕਿਉਂ ਨਾ ਹੋ ਜਾਵੇ । ਕਿਉਂਕਿ ਉਹਨਾਂ ਦਾ ਮੁੱਖ ਮਕਸਦ ਸਿਰਫ ਪੈਸਾ ਕਮਾਉਣਾ ਨਹੀਂ ਹੁੰਦਾ । ਜਿਨਾਂ ਦੀ ਅਸਲ ਪਹਿਚਾਨ ਉਹਨਾਂ ਦਾ ਆਪਣੀ ਜੁਬਾਨ ਤੇ ਸਟੈਂਡ ਕਰਨਾ ਹੀ ਹੁੰਦੀ ਹੈ ਕਿਉਂਕਿ ਇਹ ਗੁਣ ਮਾਂ ਪਿਓ ਤੋਂ ਬੱਚਿਆਂ ਨੂੰ ਵਿਰਾਸਤ ਵਿੱਚ ਮਿਲਦੇ ਨੇ । ਸਿਆਣੇ ਕਹਿੰਦੇ ਨੇ ਐਸੇ ਇਨਸਾਨ ਇਸੇ ਕਰਕੇ ਪ੍ਰਭਾਵਸ਼ਾਲੀ ਹੁੰਦੇ ਹਨ ਕਿਉਂਕਿ ਇਹ ਆਪਣੀ ਜੁਬਾਨ ਅਤੇ ਸਟੈਂਡ ਤੇ ਖੜੇ ਰਹਿੰਦੇ ਹਨ । ਆਪਣੀ ਜੁਬਾਨ ਅਤੇ

ਸਟੈਂਡ ਤੇ ਖੜੇ ਰਹਿਣ ਵਾਲੇ ਇਨਸਾਨਾਂ ਲਈ ਸਾਰੀ ਸਾਰੀ ਉਮਰ ਜੇਲਾਂ ਵਿੱਚ ਕੱਟਣਾ ਬਹੁਤ ਛੋਟੀ ਜਿਹੀ ਗੱਲ ਹੁੰਦੀ ਹੈ । ਸਾਰੀ ਸਾਰੀ ਉਮਰ ਜੇਲਾਂ ਵਿੱਚ ਕੱਟਣ ਵਾਲੇ ਅਤੇ ਅਣਖ ਗੈਰਤ ਲਈ ਸ਼ਹਾਦਤਾਂ ਦੇਣ ਵਾਲੇ ਤੇ ਸੂਲੀਆਂ ਤੇ ਚੜਨ ਵਾਲੇ ਯੋਧਿਆਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ । ਇਤਿਹਾਸ ਗਵਾਹ ਹੈ ਐਸੇ ਯੋਧਿਆਂ ਦੀਆਂ ਮਿਸਾਲਾਂ ਅੱਜ ਵੀ ਦਿੱਤੀਆਂ ਜਾਂਦੀਆਂ ਨੇ ਜਿਨਾਂ ਨੇ ਆਪਣੀ ਕੌਮ ਲਈ, ਆਪਣੀ ਅਣਖ ਲਈ ਆਪਣੀ ਜਾਨ ਦੀਆਂ ਕੁਰਬਾਨੀਆਂ ਦਿੱਤੀਆਂ।

**-ਪਰਗਟ ਸਿੰਘ ਬਲਬੇੜਾ**
**9022000070**

# ਸਾਫ਼ ਹਵਾ, ਸਿਹਤਮੰਦ ਲੋਕ

ਵਿਸ਼ਵ ਵਾਤਾਵਰਣ ਸਿਹਤ ਦਿਵਸ ਸ਼ੁਰੂ ਵਿੱਚ 2011 ਵਿੱਚ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਐਨਵਾਇਰਨਮੈਂਟਲ ਹੈਲਥ ਦੁਆਰਾ ਇਸਦੀ ਸ਼ੁਰੂਆਤ ਤੋਂ ਬਾਅਦ ਮਨਾਇਆ ਗਿਆ ਸੀ। ਉਸ ਸਮੇਂ ਤੋਂ, ਇਹ ਪਾਣੀ ਦੀ ਗੁਣਵੱਤਾ, ਭੋਜਨ ਸੁਰੱਖਿਆ, ਸੈਨੀਟੇਸ਼ਨ, ਅਤੇ ਹਾਲ ਹੀ ਵਿੱਚ, ਹਵਾ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਦੇ ਗੰਭੀਰ ਸੰਕਟਾਂ ਨੂੰ ਉਜਾਗਰ ਕਰਨ ਲਈ ਇੱਕ ਅੰਤਰਰਾਸ਼ਟਰੀ ਪਲੇਟਫਾਰਮ ਵਜੋਂ ਕੰਮ ਕਰਦਾ ਰਿਹਾ ਹੈ। ਇਹ ਦਿਨ ਵਾਤਾਵਰਣ ਸਿਹਤ ਪੇਸ਼ੇਵਰਾਂ ਦੇ ਸ਼ਾਂਤ ਪਰ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਣ ਲਈ ਇੱਕ ਪਲ ਵਜੋਂ ਕੰਮ ਕਰਦਾ ਹੈ, ਜੋ ਬਿਮਾਰੀ ਨੂੰ ਰੋਕਣ ਅਤੇ ਸਿਹਤਮੰਦ ਰਹਿਣ-ਸਹਿਣ ਵਾਲੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਅਣਥੱਕ ਮਿਹਨਤ ਕਰਦੇ ਹਨ। 2025 ਵਿੱਚ, ਇਸ ਦਿਨ ਦੀ 15ਵੀਂ ਸਾਲਾਨਾ ਮਾਨਤਾ ਉਦੋਂ ਆਉਂਦੀ ਹੈ ਜਦੋਂ ਭਾਰਤ ਦਾ ਦੂਸ਼ਿਤ ਹਵਾ ਵਿਰੁੱਧ ਸੰਘਰਸ਼ ਇੱਕ ਮਹੱਤਵਪੂਰਨ ਜਨਤਕ ਸਿਹਤ ਅਤੇ ਵਿਕਾਸ ਚਿੰਤਾ ਵਿੱਚ ਬਦਲ ਗਿਆ ਹੈ। ਭਾਰਤ ਅੱਜ ਦੁਨੀਆ ਦੇ ਜ਼ਿਆਦਾਤਰ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਮੇਜ਼ਬਾਨੀ ਕਰਨ ਦਾ ਸ਼ਰਮਨਾਕ ਮਾਣ ਰੱਖਦਾ ਹੈ। ਸਵਿਸ ਕੰਪਨੀ ਦੁਆਰਾ ਜਾਰੀ ਕੀਤੀ ਗਈ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2024 ਨੇ ਭਾਰਤ ਨੂੰ ਵਿਸ਼ਵ ਪੱਧਰ 'ਤੇ 5ਵਾਂ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਦਰਜਾ ਦਿੱਤਾ ਹੈ। ਦਿੱਲੀ ਅਕਸਰ ਆਪਣੇ ਖ਼ਤਰਨਾਕ ਧੂੰਏਂ ਲਈ ਖ਼ਬਰਾਂ ਵਿੱਚ ਛਾਈ ਰਹਿੰਦੀ ਹੈ, ਖਾਸ ਕਰਕੇ ਸਰਦੀਆਂ ਦੇ ਮੌਸਮ ਦੌਰਾਨ, ਜਦੋਂ ਵਾਹਨਾਂ ਦੇ ਨਿਕਾਸ, ਉਦਯੋਗਿਕ ਰਹਿੰਦ-ਖੂੰਹਦ, ਫਸਲਾਂ ਨੂੰ ਸਾੜਨ ਅਤੇ ਉਸਾਰੀ ਦੀ ਧੂੜ ਦਾ ਨੁਕਸਾਨਦੇਹ ਮਿਸ਼ਰਣ ਸ਼ਹਿਰ ਨੂੰ ਘੇਰ ਲੈਂਦਾ ਹੈ। ਉਦਾਹਰਣ ਵਜੋਂ, ਨਵੰਬਰ 2023 ਵਿੱਚ, ਦਿੱਲੀ ਦਾ ਹਵਾ ਗੁਣਵੱਤਾ ਸੂਚਕਾਂਕ ਕਈ ਦਿਨਾਂ ਵਿੱਚ 450 ਤੋਂ ਵੱਧ ਗਿਆ - ਮਨੁੱਖੀ ਸਿਹਤ ਲਈ "ਗੰਭੀਰ" ਅਤੇ "ਖਤਰਨਾਕ" ਵਜੋਂ ਸ਼੍ਰੇਣੀਬੱਧ ਪੱਧਰ। ਕਾਨਪੁਰ, ਲਖਨਊ, ਗਾਜ਼ੀਆਬਾਦ ਅਤੇ ਪਟਨਾ ਵਰਗੇ ਸ਼ਹਿਰ ਅਕਸਰ ਹਵਾ ਦੀ ਗੁਣਵੱਤਾ ਦੇ ਪੱਧਰ ਨੂੰ ਸੁਰੱਖਿਅਤ ਸੀਮਾਵਾਂ ਤੋਂ ਕਾਫ਼ੀ ਜ਼ਿਆਦਾ ਦਿਖਾਉਂਦੇ ਹਨ, ਜੋ ਰੋਜ਼ਾਨਾ ਲੱਖਾਂ ਲੋਕਾਂ ਨੂੰ ਖ਼ਤਰੇ ਵਿੱਚ ਪਾਉਂਦੇ ਹਨ। ਇਹ ਮੁੱਦਾ ਵੱਡੇ ਸ਼ਹਿਰਾਂ ਤੋਂ ਪਰੇ ਫੈਲਿਆ ਹੋਇਆ ਹੈ; ਛੋਟੇ ਸ਼ਹਿਰੀ ਖੇਤਰ ਵੀ ਇਸੇ ਤਰ੍ਹਾਂ ਅਨਿਯੰਤ੍ਰਿਤ ਉਦਯੋਗਿਕ ਖੇਤਰਾਂ ਅਤੇ ਵਾਹਨਾਂ ਦੇ ਵਾਧੇ ਤੋਂ ਵਧ ਰਹੇ ਪ੍ਰਦੂਸ਼ਣ ਦਾ ਸਾਹਮਣਾ ਕਰ ਰਹੇ ਹਨ। ਇਸ ਜ਼ਿਹਰੀਲੀ ਹਵਾ ਕਾਰਨ ਸਿਹਤ 'ਤੇ ਪੈਣ ਵਾਲੇ ਪ੍ਰਭਾਵ ਬਹੁਤ ਜ਼ਿਆਦਾ ਹਨ। ਪ੍ਰਦੂਸ਼ਣ ਅਤੇ ਸਿਹਤ ਬਾਰੇ ਲੈਂਸੇਟ ਕਮਿਸ਼ਨ ਨੇ ਕਿਹਾ ਕਿ 2019 ਵਿੱਚ ਭਾਰਤ ਵਿੱਚ ਹਵਾ ਪ੍ਰਦੂਸ਼ਣ ਕਾਰਨ ਲਗਭਗ 1.6 ਮਿਲੀਅਨ ਸ਼ੁਰੂਆਤੀ ਮੌਤਾਂ ਹੋਈਆਂ, ਇਸਨੂੰ ਮੌਤ ਦਰ ਲਈ ਮੁੱਖ ਵਾਤਾਵਰਣ ਜੋਖਮ ਕਾਰਕ ਵਜੋਂ ਨਾਮਜ਼ਦ ਕੀਤਾ ਗਿਆ। ਬੱਚੇ ਖਾਸ ਤੌਰ 'ਤੇ ਜੋਖਮ ਵਿੱਚ ਹਨ, ਸ਼ਹਿਰ ਦੇ ਸਕੂਲਾਂ ਵਿੱਚ ਦਮਾ, ਬ੍ਰੌਨਕਾਈਟਿਸ ਅਤੇ ਫੇਫੜਿਆਂ ਦੇ ਵਿਕਾਸ ਵਿੱਚ ਰੁਕਾਵਟ ਦੇ ਵਧਦੇ ਮਾਮਲਿਆਂ ਦੇ ਨਾਲ। ਬਾਲਗਾਂ ਨੂੰ ਦਿਲ ਦੀ ਬਿਮਾਰੀ, ਸਟ੍ਰੋਕ, ਫੇਫੜਿਆਂ ਦੇ ਕੈਂਸਰ, ਅਤੇ ਇੱਥੋਂ ਤੱਕ ਕਿ ਲੰਬੇ ਸਮੇਂ ਤੱਕ ਸੰਪਰਕ ਨਾਲ ਜੁੜੇ ਬੋਧਾਤਮਕ ਗਿਰਾਵਟ ਦੇ ਵਧੇ ਹੋਏ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖੀ ਸਿਹਤ ਤੋਂ ਇਲਾਵਾ, ਹਵਾ ਪ੍ਰਦੂਸ਼ਣ ਪਸ਼ੂਆਂ ਅਤੇ ਖੇਤੀ ਨੂੰ ਪ੍ਰਭਾਵਿਤ ਕਰਦਾ ਹੈ। ਕਣਾਂ ਦੇ ਉੱਚੇ ਪੱਧਰ ਦੇ ਸੰਪਰਕ ਵਿੱਚ ਆਉਣ ਵਾਲੇ ਜਾਨਵਰਾਂ ਨੂੰ ਸਾਹ ਸੰਬੰਧੀ ਸਮੱਸਿਆਵਾਂ ਅਤੇ ਘੱਟ ਦੁੱਧ ਉਤਪਾਦਨ ਦਾ ਅਨੁਭਵ ਹੁੰਦਾ ਹੈ। ਹਵਾ ਪ੍ਰਦੂਸ਼ਣ ਦੇ ਨਤੀਜੇ ਵਜੋਂ ਜ਼ਮੀਨੀ ਪੱਧਰ ਦਾ ਓਜ਼ੋਨ, ਪ੍ਰਕਾਸ਼ ਸੰਸ਼ਲੇਸ਼ਣ ਵਿੱਚ ਵਿਘਨ ਪਾ ਕੇ ਅਤੇ ਪੌਦਿਆਂ ਦੇ ਵਿਕਾਸ ਨੂੰ ਰੋਕ ਕੇ ਫਸਲਾਂ ਦੀ ਪੈਦਾਵਾਰ ਨੂੰ ਖਤਰੇ ਵਿੱਚ ਪਾਉਂਦਾ ਹੈ। ਹਵਾ ਪ੍ਰਦੂਸ਼ਣ ਭਾਰਤ ਲਈ ਭਾਰੀ ਆਰਥਿਕ ਬੋਝ ਵੀ ਚੁੱਕਦਾ ਹੈ। ਅਨੁਮਾਨ £95 ਬਿਲੀਅਨ ਅਤੇ £150 ਬਿਲੀਅਨ ਦੇ ਵਿਚਕਾਰ ਸਾਲਾਨਾ ਨੁਕਸਾਨ ਦਾ ਸੁਝਾਅ ਦਿੰਦੇ ਹਨ, ਜੋ ਦੇਸ਼ ਦੇ ਜੀਡੀਪੀ ਦੇ ਲਗਭਗ 3 ਪ੍ਰਤੀਸ਼ਤ ਦੇ ਬਰਾਬਰ ਹੈ।

**-ਵਿਜੇ ਗਰਗ, ਮਲੋਟ**

# ਨਾਮਵਰ ਕਵਿੱਤਰੀ ,ਉੱਘੀ ਰੇਡੀਓ ਅਨਾਊਂਸਰ ਅਤੇ ਇਕ ਸਨਿਮਰ ਸ਼ਖਸੀਅਤ 'ਛਿੰਦਰ ਕੌਰ ਸਿਰਸਾ'

**'ਚਿੜੀਆਂ ਦੀ ਚੀਂ ਚੀਂ ਜਾਂ ਮੋਰਾਂ ਦੀ ਕੂਕ।**
**ਨਦੀਆਂ ਦੀ ਕਲ ਕਲ ਤੇ ਵਾਅਵਾਂ ਦੀ ਸ਼ੂਕ।**
**ਗੀਤ , ਗ.ਜ਼ਲ ਜਾਂ ਹੁੰਦੀ ਉਹ ਕਵਿਤਾ ਹੈ,**
**ਸੀਨੇ ਚੋਂ ਉਠਦੀ ਹੈ ਜਿਹੜੀ ਵੀ ਹੂਕ।**

ਇਕ ਕਵੀ ਮਨ ਬੜਾ ਹੀ ਸੂਖਮ ਤੇ ਸੰਵੇਦਨਸ਼ੀਲ ਹੁੰਦਾ ਹੈ ਉਹ ਹਰ ਉਸ ਪਲ ਨੂੰ ਆਪਣੀ ਪਕੜ ਚ ਲੈਣ ਦੀ ਕੋਸ਼ਿਸ਼ ਕਰਦਾ ਹੈ ਜੋ ਚੇਤ ਜਾਂ ਅਚੇਤ ਉਸ ਨੂੰ ਛੋਹ ਜਾਂਦਾ ਹੈ।ਕਵਿਤਾ ਦੀ ਗੱਲ ਕਰੀਏ ਤਾਂ ਮਾਂ ਦੀ ਲੋਰੀ ਤੋਂ ਸ਼ੁਰੂ ਹੋ ਕੇ ਜੀਵਨ ਦੇ ਆਖਰੀ ਛਿਣ ਤਾਈਂ ਮਨੁੱਖ ਦੇ ਅੰਗ ਸੰਗ ਰਹਿੰਦੀ ਹੈ।ਕਵੀ ਲੋਕ, ਪੰਛੀਆਂ ਦੀ ਚਹਿਕ ,ਫੁੱਲਾਂ ਦੀ ਮਹਿਕ ,ਰੁਮਕਦੀਆਂ ਵਾਅਵਾਂ ਦੀ ਸ਼ਾਂ ਸ਼ਾਂ ਤੇ ਵਗਦੇ ਪਾਣੀਆਂ ਦੀ ਕਲ-ਕਲ ਨਾਲ਼ ਇਕ-ਮਿਕ ਹੋ ਕੇ ਸੁਰੀਲੀਆਂ ਕਵਿਤਾਵਾਂ ਦੀ ਸਰਵੋਤਮ ਸਿਰਜਣਾ ਕਰਦਿਆਂ ਆਪਣੇ ਵਲਵਲੇ ਹੀ ਨਹੀਂ ਬਲਕਿ ਪੂਰੀ ਕਾਇਨਾਤ ਦੀ ਕਥਾ ਸੁਰਬੱਧ ਕਰ ਜਾਂਦੇ ਨੇ।ਅਨੇਕਾਂ ਲੇਖਕ ,ਕਵੀ ਤੇ ਸ਼ਾਇਰ ਜਿਹਨਾਂ ਨੇ ਲੋਕ ਮਨਾਂ ਦੇ ਹਾਣ -ਪ੍ਰਵਾਨ ਦੀਆਂ ਲਿਖਤਾਂ ਰਚੀਆਂ , ਲੋਕ -ਚੇਤਿਆਂ ਚ ਸਦਾ ਲਈ ਪਰਵਾਨ ਚੜ੍ਹ ਗਏ।ਅਜੇਹੇ ਹੀ ਕਵੀਆਂ ਤੇ ਸ਼ਾਇਰਾਂ 'ਚੋਂ ਇਕ ਹੈ, ਸਾਹਿਤ ਦੇ ਖੇਤਰ ਦੀ ਨਾਮਵਰ ਹਸਤਾਖ਼ਰ,ਇਕ ਸੁਰੀਲੀ ਕਲਮ ਤੇ ਉੱਘੀ ਰੇਡੀਓ ਅਨਾਊਂਸਰ "ਛਿੰਦਰ ਕੌਰ ਸਿਰਸਾ" (ਸ਼ਿੰਦਰ )।।






ਛਿੰਦਰ ਕੌਰ ਸਿਰਸਾ ਦਾ ਜਨਮ ਪਿਤਾ ਸਰਦਾਰ ਬਲਦੇਵ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ ਪਿੰਡ ਮਮੇਰਾਂ ਕਲਾਂ ਵਿਖੇ 26 ਅਗਸਤ 1975 ਨੂੰ, ਲਹਿੰਦੇ ਪੰਜਾਬ ਚੋਂ ਹਿਜ਼ਰਤ ਕਰਕੇ ਆਏ ਸੰਯੁਕਤ ਪਰਿਵਾਰ ਵਿਚ ਹੋਇਆ। ਉਹ ਦੱਸਦੀ ਹੈ ਕਿ ਬਚਪਨ ਤੋਂ ਹੀ ਉਹ ਆਪਣੀ ਦਾਦੀ ਮਾਂ ਦੇ ਬਹੁਤ ਨੇੜੇ ਰਹੀ ਹੈ। ਇਸ ਕਰਕੇ ਉਸਦਾ ਮੰਨਣਾ ਹੈ ਕਿ ਸ਼ਬਦਾਂ ਦੀ ਗੁੜ੍ਹਤੀ ਵੀ ਉਸ ਨੂੰ ਆਪਣੀ ਦਾਦੀ ਕੋਲੋਂ ਹੀ ਮਿਲੀ ਹੈ।। ਉਸਦੀ ਦਾਦੀ ਦੇ ਮਨ ਵਿੱਚ ਆਪਣੇ ਪਿਛਲੇ ਪਿੰਡ ਗੁੱਜਰਾਂਵਾਲਾ ਪ੍ਰਤੀ ਹੇਰਵਾ ਤੇ ਉਦਰੇਵਾਂ ਬਣਿਆ ਰਿਹਾ। ਘਰ ਵਿੱਚ ਨਿੱਤ ਹੀ ਪਿਛਲੇ ਪਿੰਡ ਦੀਆਂ ਗੱਲਾਂ ਚਲਦੀਆਂ, ਇਕ ਪੀੜ ਤੇ ਕਸਕ ਦਾ ਮਾਹੌਲ ਬਣ ਜਾਂਦਾ ਰਿਹਾ।ਉਸਦੀ ਦਾਦੀ ਆਪਣੇ ਪਿੰਡ ਗੁੱਜਰਾਂਵਾਲਾ ਲਈ ਤਰਸਦੀ ਹੀ ਇਸ ਜਹਾਨੋਂ ਕੂਚ ਕਰ ਗਈ।ਕਿਸੇ ਹਿਜ਼ਰਤ ਕਰਨ ਵਾਲੇ ਪਰਿਵਾਰ ਨੂੰ ਮੁੜ ਵਸੇਵੇ ਲਈ ਜੋ ਦੁੱਖ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਛਿੰਦਰ ਦੇ ਪਰਿਵਾਰ ਹਿੱਸੇ ਵੀ ਉਹ ਆਈਆਂ ਸਨ ,ਇਸ ਮਾਹੌਲ ਨੇ ਛਿੰਦਰ ਦੇ ਬਾਲ ਮਨ ਤੇ ਗਹਿਰਾ ਅਸਰ ਕੀਤਾ,ਇਹਨਾਂ ਪੀੜਾਂ ਚੋਂ ਜਨਮ ਹੋਇਆ ਹੈ ਛਿੰਦਰ ਵਿਚਲੀ ਕਵਿੱਤਰੀ ਦਾ।ਉਹ ਦੱਸਦੀ ਹੈ ਕਿ ਬਚਪਨ ਵਿੱਚ ਉਹ ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਪੜ੍ਹਨ ਲੱਗ ਪਈ ਸੀ, ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਉਸਨੇ ਪਹਿਲੀ ਕਵਿਤਾ ਅੱਲ੍ਹੜ ਉਮਰੇ ਦਸਵੀਂ ਜਮਾਤ ਚ ਪੜ੍ਹਦਿਆਂ ਲਿਖੀ ਸੀ ਤੇ ਫਿਰ ਉਸਨੇ ਕਾਲਜ ਵਿੱਚ ਪਹੁੰਚਦਿਆਂ ਐਮ ਏ ਕਰਨ ਤੱਕ ਅਨੇਕਾਂ ਕਵਿਤਾਵਾਂ ਦੀ ਸਿਰਜਣਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਉਹ ਕਹਿੰਦੀ ਹੈ "ਕਵਿਤਾ ਮੈਨੂੰ ਆਉਂਦੇ ਜਾਂਦੇ ਸਾਹਾਂ ਵਾਗ ਜਾਪਦੀ ਹੈ, ਕਾਵਿ-ਕਿਰਤ ਨਾਲ ਜੁੜ ਇੰਝ ਲੱਗਦਾ ਹੈ ਜਿਵੇਂ ਸਾਰੇ ਦੁੱਖ -ਦਰਦ ਕਲਮ ਦੇ ਹਵਾਲੇ ਕਰਦਿਆਂ ਮੇਰੀ ਜ਼ੁਬਾਨ ਦੇ ਰੋਜ਼ੇ ਖੁੱਲ ਗਏ ਹੋਣ" ,ਇਕ ਵਕਤ ਉਹ ਵੀ ਹੁੰਦਾ ਹੈ ਕਵਿਤਾ ਜਦੋਂ ਅੰਦਰਲੀ ਟੁੱਟ-ਭੱਜ ਵਰਗੀ ਹੁੰਦੀ ਹੈ, ਪਰ ਹੌਲੀ ਹੌਲੀ ਬੁੱਲ੍ਹੇ ਵਾਂਗ ਜਦੋਂ ਇਸ਼ਕ ਦੇ ਅਰਥ ਸਮਝ ਆਉਂਦੇ ਹਨ ਤਾਂ ਇਸ਼ਕ ਦੇ ਹਰਫ਼ ਵੀ ਸਹਿਜ ਜਾਪਦੇ ਹਨ "

ਥਲ ਕੰਡਿਆਲ਼ੇ
ਵਹਿਣ ਪਿਆਸੇ
ਨਾ ਪਿੰਡਾ ਆਪਣਾ ਲੂਹ।
ਫ਼ਕੀਰਾਂ ਵਾਂਗ
ਨੀ ਫਿਰਦੀਏ ਜਿੰਦੇ
ਤੇਰੀ ਮਿਲੇ ਕਤੇਬੋਂ ਸੂਹ।
ਅਜ਼ਾਨੀ ਅਰਦਾਸੀਂ
ਦੱਸ ਉਸਨੂੰ
ਮੱਸਿਆ ਤਪੱਸਿਆ ਤੂੰ ਹੀ ਤੂੰ ।
ਇਹ ਜੱਗ
ਖੇੜਿਆਂ ਦਾ ਨਗਰ
ਕਿਸੇ ਨਾ ਫੋਲੀ ਰੂਹ।
ਭਰ ਜਾਹ
ਪਰਵਾਜ਼ ਨੀ ਮਿੱਟੀਏ
ਏਹ ਜੀਵਨ ਅੰਨ੍ਹਾ ਖੂਹ।
ਹੋਰ ਨਾ ਭੋਗ
ਇਹ ਰੁੱਤਾਂ
ਛੱਡ ਬਿਗਾਨੀ ਜੂਹ।
ਚੁੱਕ ਤ੍ਰਿੰਜਣੋਂ ਚਰਖੜਾ
ਕਰ ਮੱਕੇ ਨੂੰ ਮੂੰਹ ।

ਉਹ ਜ਼ਿਆਦਾਤਰ ਖੁੱਲ੍ਹੀ ਕਵਿਤਾ ਲਿਖਦੀ ਹੈ।ਉਸਦੀ ਲੇਖਣੀ ਮੈਂ ਤੋਂ ਪਰੇ ਤੱਕ ਦੀ ਗੱਲ ਕਰਦੀ ਹੈ। ਜਿਵੇਂ ਕਿ ਅਕਸਰ ਹੁੰਦਾ ਹੈ ਜੇ ਇਸ਼ਕ ਮਜਾਜੀ ਪਹਿਲੀਆਂ ਲਿਖਤਾਂ ਦਾ ਸ਼ਿੰਗਾਰ ਬਣਦਾ ਹੈ ਤਾਂ ਇਸ਼ਕ ਹਕੀਕੀ ਪ੍ਰੋੜ੍ਹ ਲੇਖਣੀ ਦਾ ਮਿਆਰ ਹੁੰਦਾ ਹੈ। ਸ਼ਿੰਦਰ ਦੀਆਂ ਲਿਖਤਾਂ ਜਿੱਥੇ ਪਿਆਰ ਮੁਹੱਬਤ ਚ ਗੜੁੱਚ ਹੁੰਦੀਆਂ ਹਨ ਉੱਥੇ ਉਹਨਾਂ ਵਿੱਚ ਮਾਂ ਬੋਲੀ ਪੰਜਾਬੀ ਲਈ ਹੇਜ,ਪਰਵਾਸ ਦੀਆਂ ਤਲਖ ਹਕੀਕਤਾਂ ਅਤੇ ਮਨੁੱਖੀ ਰਿਸ਼ਤਿਆਂ ਵਿਚ ਵਧਦੀ ਜਾ ਰਹੀ ਟੁੱਟ-ਭੱਜ ਪ੍ਰਤੀ ਇਕ ਚਿੰਤਾ ਵੀ ਹੁੰਦੀ ਹੈ । ਇਨਸਾਨੀ ਕਦਰਾਂ ਕੀਮਤਾਂ ਦੀ ਗੱਲ ਕਰਦਿਆਂ ਉਹ ਆਪਣੀਆਂ ਲਿਖਤਾਂ ਰਾਹੀਂ ਸੋਹਣਾ ਤੇ ਨਰੋਇਆ ਸਮਾਜ ਸਿਰਜਣ ਲਈ ਚਿੰਤਨ ਕਰਦੀ ਹੈ।ਉਸਦੀ ਰਚਨਾ ਕਿਧਰੇ ਵੀ ਕਿਸੇ ਤਰ੍ਹਾਂ ਦੇ ਵਾਦ ਪ੍ਰਤੀ ਉਲਾਰ ਨਹੀਂ ਜਾਪਦੀ ਪਰ ਕਿਤੇ ਕਿਤੇ ਥੋੜੀ ਬਹੁਤੀ ਨਾਬਰੀ ਦੀ ਝਲਕ ਜ਼ਰੂਰ ਪੈਂਦੀ ਹੈ ,ਇਹ ਹੋਣੀ ਵੀ ਚਾਹੀਦੀ ਹੈ ਕਿਉਂ ਕਿ ਲੇਖਕ ਲੋਕ ਜ਼ਿਹਨੀ ਤੌਰ ਤੇ ਚੇਤਨ ਹੁੰਦੇ ਨੇ ਉਹ ਹਰ ਉਸ ਗਲਤ ਪ੍ਰਥਾ ਪ੍ਰਤੀ ਆਪਣਾ ਵਿਰੋਧ ਤਾਂ ਦਰਜ ਕਰਾ ਹੀ ਦਿੰਦੇ ਹਨ ਜਿਸ ਨੂੰ ਉਹ ਸਵੀਕਾਰ ਨਾ ਕਰ ਸਕਦੇ ਹੋਣ।ਇਹੀ ਤਰਜ ਤੇ ਤਰਕ ਛਿੰਦਰ ਦੀਆਂ ਰਚਨਾਵਾਂ ਨੂੰ ਹੋਰ ਵੀ ਮੁੱਲਵਾਨ ਬਣਾ ਦਿੰਦਾ ਹੈ।

ਹੁਣ ਤੱਕ ਉਹ ਛੇ ਕਿਤਾਬਾਂ ਪਾਠਕਾਂ ਦੀ ਝੋਲੀ ਪਾ ਚੁੱਕੀ ਹੈ।ਜਿਹਨਾਂ ਵਿੱਚ 'ਖਿਆਲ ਉਡਾਰੀ' , 'ਇਹ ਸਦੀ ਵੀ ਤੇਰੇ ਨਾਉਂ" , 'ਭਰ ਜੋਬਨ ਬੰਦਗੀ' , 'ਯਾਰੜਿਆ ' ਚਾਰ ਪੰਜਾਬੀ ਕਾਵਿ-ਸੰਗ੍ਰਹਿ , 'ਤੁਮ ਤੋ ਪੁਰਸ਼ ਹੋ ਨਾ' ਇਕ ਹਿੰਦੀ ਕਾਵਿ-ਸੰਗ੍ਰਹਿ ਅਤੇ ਆਪਣੇ ਪਹਿਲੇ ਸਾਹਿਤਕ ਟੂਰ ਉਪਰੰਤ ਲਿਖਿਆ ਇਕ ਸਫ਼ਰਨਾਮਾ ' ਕੈਨੇਡਾ ਦੇ ਸੁਪਨਮਈ ਦਿਨ ' ਆਦਿ ਸ਼ਾਮਲ ਹਨ।

ਬਤੌਰ ਇਕ ਰੇਡੀਓ ਅਨਾਊਂਸਰ ਉਹ ਸਿਰਸਾ ਰੇਡੀਓ ਸਟੇਸ਼ਨ ਤੋਂ ਅਨੇਕਾਂ ਕਵੀਆਂ ,ਲੇਖਕਾਂ ਅਤੇ ਸਮਾਜ ਸੇਵੀ ਸ਼ਖਸੀਅਤਾਂ ਨੂੰ ਸਰੋਤਿਆਂ ਦੇ ਰੂ-ਬ-ਰੂ ਕਰ ਚੁੱਕੀ ਹੈ। ਜਿੱਥੇ ਉਹ ਦੂਜੇ ਲੇਖਕਾਂ ਨੂੰ ਪਾਠਕਾਂ ਤੇ ਸਰੋਤਿਆਂ ਦੇ ਰੂਬਰੂ ਕਰਦੀ ਹੈ ਉੱਥੇ ਉਹ ਖੁਦ ਵੀ ਸਮੇਂ ਸਮੇਂ ਦੇਸ਼ -ਵਿਦੇਸ਼ ਦੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਆਪਣੀ ਹਾਜ਼ਰੀ ਦਰਜ ਕਰਾ ਕੇ ਸਾਹਿਤ ਪ੍ਰੇਮੀਆਂ ਤੇ ਸਰੋਤਿਆਂ ਨਾਲ ਨਿਰੰਤਰ ਸਾਂਝ ਬਣਾਈ ਰੱਖਦੀ ਹੈ। ਸਾਹਿਤਕ ਮੈਗਜ਼ੀਨਾਂ ਤੇ ਉੱਚ ਮਿਆਰੀ ਅਖਬਾਰਾਂ ਦੇ ਅਦਬੀ ਅੰਕਾਂ ਵਿੱਚ ਅਕਸਰ ਉਸਦੀਆਂ ਰਚਨਾਵਾਂ ਸ਼ਾਇਆ ਹੁੰਦੀਆਂ ਰਹਿੰਦੀਆਂ ਹਨ। ਉਸਦੀਆਂ ਕਾਵਿ-ਕਿਰਤਾਂ ਤੇ ਸਮਾਜਿਕ ਗਤੀਵਿਧੀਆਂ ਬਦਲੇ ਅਨੇਕਾਂ ਸਾਹਿਤਕ ਤੇ ਸਮਾਜ ਸੇਵੀ ਸੰਸਥਾਵਾਂ ਨੇ ਉਸ ਨੂੰ ਰੱਜਵਾਂ ਮਾਣ ਸਨਮਾਨ ਦਿੱਤਾ ਹੈ ,ਫਿਰ ਵੀ ਉਹ ਕਹਿੰਦੀ ਹੈ ਕਿ "ਲੋਕਾਂ ਵੱਲੋਂ ਮੇਰੀਆਂ ਕਾਵਿ-ਕਿਰਤਾਂ ਨੂੰ ਜੋ ਭਰਵਾਂ ਹੁੰਗਾਰਾ ਮਿਲਦਾ ਹੈ, ਮੇਰੇ ਲਈ ਉਹ ਸਭ ਤੋਂ ਸਰਵੋਤਮ ਸਨਮਾਨ ਹੈ,ਜਿਹੜਾ ਮੇਰੀ ਰੂਹ ਨੂੰ ਵੀ ਸਕੂਨ ਦਿੰਦਾ ਹੈ÷

ਜੇ ਛਿੰਦਰ ਦੇ ਨਿੱਜ ਤੇ ਝਾਤੀ ਮਾਰੀਏ ਤਾਂ ਜਿੱਥੇ ਉਹ ਇਕ ਨਾਮਵਰ ਕਵਿੱਤਰੀ ,ਵਾਰਤਾਕਾਰ ਅਤੇ ਉੱਘੀ ਰੇਡੀਓ ਅਨਾਊਂਸਰ ਹੈ ਉੱਥੇ ਉਹ ਇਕ ਵਧੀਆ ਮਿਲਣਸਾਰ, ਮਿੱਠਬੋਲੜੀ ਤੇ ਨਿਹਾਇਤ ਹੀ ਸਨਿਮਰ ਸ਼ਖਸੀਅਤ ਹੈ। ਪੇਕਿਆਂ ਤੋਂ ਜੇ ਉਸਦੀ ਦਾਦੀ ਵੱਲੋਂ ਉਸ ਨੂੰ ਸ਼ਬਦਾਂ ਦੀ ਗੁੜ੍ਹਤੀ ਮਿਲੀ ਹੈ, ਤਾਂ ਉਸ ਨੂੰ ਉੱਚੀ ਤੇ ਲੰਬੀ ਸਾਹਿਤਕ ਪਰਵਾਜ਼ ਲਈ ਮਜਬੂਤ ਖੰਭ ਬਖਸ਼ੇ ਨੇ ਉਸਦੇ ਜੀਵਨ ਸਾਥੀ 'ਮਾਸਟਰ ਕੁਲਵੰਤ ਸਿੰਘ ਹੁਰਾਂ ਨੇ'। ਅੱਜ ਕੱਲ੍ਹ ਉਹ ਆਪਣੇ ਛੋਟੇ ਜਿਹੇ ਖੁਸ਼ਹਾਲ ਪਰਿਵਾਰ ਵਿਚ ਬੇਟੇ ਮਨਮੀਤ ਸਿੰਘ ਕੈਨੇਡਾ, ਹਰਮੀਤ ਸਿੰਘ ਕੈਨੇਡਾ ਅਤੇ ਆਪਣੇ ਜੀਵਨ ਸਾਥੀ ਸਮੇਤ ਹਰਿਆਣਾ ਦੇ ਸ਼ਹਿਰ ਸਿਰਸਾ ਵਿਖੇ ਇਕ ਸੋਹਣੀ ਜ਼ਿੰਦਗੀ ਮਾਣ ਰਹੀ ਹੈ।

**ਪੇਸ਼ ਹਨ ਉਸਦੀਆਂ ਕੁਝ ਰਚਨਾਵਾਂ:**

1)
ਮੈਂ ਕਦੋਂ ਚਾਹਿਆ ਸੀ ਕਿ
ਮੈਨੂੰ ਮੁਹੱਬਤ ਕਰ
ਤੇ ਮੇਰੀਆਂ ਵੱਖੀਆਂ 'ਚੋਂ
ਨਿਕਲਦੇ ਹਾਸੇ ਫੂਕ ਧਰ
ਚੱਲ ਜੋ ਹੋਣਾ ਸੀ
ਸੋ ਹੋ ਗਿਆ
ਹੁਣ ਇਕ ਕੰਮ ਕਰ
ਅਗਲੇ ਜਨਮ
ਮੈਨੂੰ ਔਰਤ ਹੋ ਕੇ ਮਿਲਣ ਦਾ
ਲਿਖਤੀ ਵਾਅਦਾ ਕਰ
ਤੇ ਫਿਰ ਤੈਨੂੰ ਬਹੁਤ ਕੁਛ
ਸਮਝਾਉਣਾ ਨਹੀਂ ਪਵੇਗਾ
ਤੇ ਮੈਂ ਵੀ ਸਭ ਕੁਛ
ਆਸਾਨੀ ਨਾਲ ਸਹਿ ਲਵਾਂਗੀ
ਕਿਉਂਕਿ ਉਸ ਵੇਲੇ ਮੈਂ ਇਕ
ਡਾਹਢੇ ਜਿਗਰੇ ਵਾਲਾ
ਪੁਰਸ਼ ਹੋਵਾਂਗੀ।

2)
ਤੂੰ ਫ਼ਿਕਰ ਨਾ ਕਰ
ਮਾਂ ਬੋਲੀ ਦਾ
ਬਸ ਪਿਆਰ ਕਰ
ਸਤਿਕਾਰ ਦੇਅ ਇਹਨੂੰ
ਸੁਕਰਾਤੋਂ ਸਿਆਣਿਆਂ !
ਤੈਨੂੰ ਤੇ ਪਤਾ ਏ
ਕਿ ਪਿਆਰ ਤੇ ਜੰਗ
ਮਾਤ ਭਾਸ਼ਾ 'ਚ ਹੀ
ਸੁਖਾਲੇ ਹੁੰਦੇ ਨੇ
ਜੰਗ ਆਪਾਂ ਕਰਨੀ ਨਹੀਂ
ਪਿਆਰ ਕਰਨਾ ਆਪਾਂ ਭੁੱਲਣਾ ਨਹੀਂ
ਹਾਂ ਸੱਚ
ਮਾਂ ਬੋਲੀ ਜੇ ਭੁੱਲ ਗਈ
ਮੈਂ ਤੈਨੂੰ ਪਿਆਰ ਕਿਵੇਂ ਕਰਾਂਗੀ
ਔਖੀ ਘੜੀ'ਚ
ਤੈਨੂੰ 'ਵਾਜ਼ ਕਿਵੇਂ ਮਾਰਾਂਗੀ
ਇਹ ਤੇ ਸਾਰੇ ਪਿਆਰ ਕਰਨ ਵਾਲਿਆਂ ਲਈ
ਮੁਸ਼ਿਕਲ ਹੋ ਜਾਏਗੀ
ਮੁਹੱਬਤੀ ਲੋਕ ਬਚਾਈ ਰੱਖਣਗੇ
ਆਪਣੀ -ਆਪਣੀ ਬੋਲੀ ਨੂੰ
ਇਸ ਲਈ ਆਖ ਰਹੀ ਹਾਂ
ਤੂੰ ਸਿਰਫ ਪਿਆਰ ਕਰ
ਫ਼ਿਕਰ ਨਾ ਕਰ
ਮੁਹੱਬਤੀ ਲੋਕ ਇਹਨੂੰ ਬਚਾਈ ਰੱਖਣਗੇ

3)
ਜਿਸ ਦਿਨ ਦੇ ਪਰਿੰਦੇ ਉੱਡੇ
ਨੀ ਮੈਂ ਢਾਕਾਂ ਨਾਲ ਬੰਨ੍ਹ ਲਈਆਂ ਟਾਹਣੀਆਂ...
..........
ਢਲਦੀ ਉਮਰ ਵਿੱਚ
ਚੜ੍ਹਦੀ ਜਵਾਨੀ ਦੇ ਪਰਛਾਵੇਂ ਨਹੀਂ ਭੁੱਲਦੇ
ਜਵਾਨ ਹੋਏ ਪੁੱਤਰਾਂ 'ਚੋਂ
ਆਪਣਾ ਅਕਸ ਨਜ਼ਰ ਆਉਂਦਾ ਹੈ....




ਅੰਤ ਵਿਚ ਮੈਂ ਕਾਮਨਾ ਕਰਦਾ ਹਾਂ ਕਿ ਛਿੰਦਰ ਕੌਰ ਸਿਰਸਾ ਆਪਣੇ ਸਾਹਿਤਕ ਸਫਰ ਨੂੰ ਮੁਸਲਸਲ ਜਾਰੀ ਰੱਖਦਿਆਂ ਆਪਣੇ ਯਥਾਯੋਗ ਯੋਗਦਾਨ ਰਾਹੀਂ ਸਾਹਿਤ ਦੇ ਖੇਤਰ ਨੂੰ ਹੋਰ ਵੀ ਅਮੀਰ ਬਣਾਉਣ ਲਈ ਅਹਿਮ ਭੂਮਿਕਾ ਨਿਭਾਉਂਦੀ ਰਹੇਗੀ। ਆਮੀਨ!

**-ਅਮਰਜੀਤ ਸਿੰਘ ਜੀਤ**
**9417287122**


AWAZE QAUM TOUR & TRAVEL (YATRA SINCE 2000)
ਆਵਾਜ਼ਿ ਕੌਮ
AWAZE QAUM
International Newspaper & WEB TV
YATRA
NANKANA SAHIB
WE WILL ALSO BE VISITING 25+ GURDWARA'S AND HISTORICAL PLACES
30 OCT TO 8 NOV, 2025
YATRA INCLUDES:
GURDWARA NANKANA SAHIB
GURDWARA PATTI SAHIB
GURDWARA TAMBU SAHIB
GURDWARA KIARA SAHIB
GURDWARA MALJI SAHIB
GURDWARA BAL LILA SAHIB
GURDWARA SACHA SAUDA
GURDWARA RORI SAHIB
GURDWARA PANJA SAHIB
GURDWARA BEBE DI BER SIALKOT
GURDWARA DERA SAHIB
JANAM ASTHAN BEBE NANKI JI
BHAI LALU JI DA GHAR
JANAM ASTHAN GURU RAMDAS JI
GURDWARA SHRI KARTARPUR SAHIB
GURDWARA SHAHEED GANJ LAHORE
MATA SAHIB KAUR JI JANAM ASTHAN
DARBAR SAI MIAN MIR JI
SHAHI QILA (SIKH FORT)
RAGHBIR SINGH
+44
7976 210 161
PACKAGE INCLUDES:
PAKISTAN VISA • HOTEL(TWIN SHARE) •
LUXURY TRANSPORT • VEG. FOOD •
MINERAL WATER AND MUCH MORE
CANADA SANGAT: +1 647.231.1600 – USA SANGAT: +1 716.342.6007

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ

350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

1 ਨਵੰਬਰ 2025, ਦਿਨ ਸ਼ਨੀਵਾਰ ਨੂੰ

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ

ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ –20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ

ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ –1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਨੋਟ : ਇਹ ਸਮਾਗਮ 13 ਦਿਨ ਚੱਲੇਗਾ ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ **ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ**

ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ

ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ

98141-27470

84278-66404


73408-35137

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★






SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.

ਆਵਾਜ਼ਿ ਕੌਮ
AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਹਫ਼ਤਾਵਾਰੀ ਗੁਰਮਤਿ ਸਮਾਗਮ

**ਸਲਾਨਾ ਬਰਸੀ ਸੰਤ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

**ਸ਼ਨਿੱਚਰਵਾਰ 4 ਅਕਤੂਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ**

ਐਤਵਾਰ 5 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਬੀਬੀ ਮਨਵੀਰ ਕੌਰ ਜੀ ਇਟਲੀ ਵਾਲੇ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਕੈਨੇਡਾ ਵਿੱਚ ਖਾਲਿਸਤਾਨੀ ਪੱਖੀ ਸਿੰਘਾਂ ਨੇ

# ਭਾਰਤੀ ਹਕੂਮਤ ਰੂਪੀ ਰਾਵਣ ਗਾਂਧੀ, ਡੋਵਾਲ, ਮੋਦੀ ਅਤੇ ਪਟਨਾਇਕ ਦੇ ਫੂਕੇ ਪੁਤਲੇ



**ਨਵੀਂ ਦਿੱਲੀ 3 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-** ਕੈਨੇਡਾ ਵਿਖੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਟੀਮ ਦੇ ਮੈਂਬਰਾਂ ਨੇ ਅਤੇ ਖਾਲਿਸਤਾਨੀ ਪੱਖੀ ਸਿੰਘਾਂ ਨੇ ਭਾਰਤੀ ਹਕੂਮਤ ਰੂਪੀ ਰਾਵਣ ਫੂਕਿਆ ਜਿਸ ਵਿਚ ਸਿੱਖਾਂ ਨਾਲ ਧ੍ਰੋਹ ਕਮਾਉਣ ਵਾਲੇ ਮੋਹਨਦਾਸ ਗਾਂਧੀ, ਭਾਰਤ ਦਾ ਬੁੱਚੜ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਭਾਰਤ ਦੇ ਕਨੇਡਾ ਵਿਚ ਨਵਾਂ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦਾ ਸਿਰ ਲਾਕੇ ਰਾਵਣ ਫੂਕਿਆ ਗਿਆ । ਗੱਲਬਾਤ ਕਰਦਿਆਂ ਭਾਈ ਗੁਰਮੀਤ ਸਿੰਘ ਤੂਰ (ਜਨਰਲ ਸਕੱਤਰ) ਨੇ ਦੱਸਿਆ ਕਿ ਰਾਵਣ ਦਾ ਪੁਤਲਾ ਹਿੰਦੂ ਭ੍ਰਮਵਾਦੀ ਸੋਚ ਹੈ ਜਦੋਂ ਕੇ ਅਸਲੀ ਦੁਸ਼ਮਣ ਮੋਦੀ, ਡੋਵਾਲ ਅਤੇ ਭਾਰਤੀ ਹਕੂਮਤ ਹੈ ਜਿਸਨੇ ਸਿੱਖਾਂ ਤੇ ਜ਼ੁਲਮ ਕਿਤੇ, ਤਸੀਹੇ ਦਿੱਤੇ ਅਤੇ ਕੈਨੇਡਾ ਵਿਚ ਭਾਈ ਹਰਦੀਪ ਸਿੰਘ ਨਿੱਝਰ ਨੂੰ ਸ਼ਹੀਦ ਕੀਤਾ ਅਤੇ ਹੁਣ ਵੀ ਸਿੱਖ ਵਿਰੋਧੀ ਚਾਲਾਂ ਚੱਲ ਰਹੀ ਭਾਰਤੀ ਹਕੂਮਤ ਸਿੱਖਾਂ ਨੂੰ ਮਿਟਾਉਣ ਤੇ ਤੁਲੀ ਹੋਈ ਹੈ ।ਉਨ੍ਹਾਂ ਦਸਿਆ ਕਿ ਇਹ ਪੁਤਲਾ ਫੂਕਣ ਦਾ ਸਿੱਧਾ ਮਤਲਬ ਭਾਰਤੀ ਹਕੂਮਤ ਨੂੰ ਸਿੱਖਾਂ ਦਾ ਕਰਾਰਾ ਜਵਾਬ ਹੈ ਅਤੇ ਸਿੱਖਾਂ ਨੂੰ ਦਬਾਉਣ ਦੀ ਨਾਕਾਮਯਾਬ ਕੋਸ਼ਿਸ਼ ਵਿਚ ਲੱਗੀ ਹਕੂਮਤ ਦੇ ਮੂੰਹ ਤੇ ਚਪੇੜ ਹੈ । ਮੁਜਾਹਿਰੇ ਵਿਚ ਖਾਲਿਸਤਾਨ ਜ਼ਿੰਦਾਬਾਦ, ਭਾਈ ਹਰਦੀਪ ਸਿੰਘ ਨਿੱਝਰ ਜ਼ਿੰਦਾਬਾਦ ਦੇ ਨਾਅਰੇ ਲਗਾਏ ਗਏ ਅਤੇ ਭਾਰਤੀ ਦੂਤਾਵਾਸ ਬੰਦ ਕਰਨ ਦੀ ਗੱਲ ਤੇ ਜ਼ੋਰ ਦਿੱਤਾ ਗਿਆ । ਕੀਤੇ ਗਏ ਰੋਸ ਮੁਜਾਹਰੇ ਵਿਚ ਭਾਈ ਗੁਰਮੀਤ ਸਿੰਘ ਜੀ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਜੈਗ ਸਿੰਘ ਸਿੱਧੂ, ਐਸਐਫਜੇ ਦੇ ਭਾਈ ਮਨਜਿੰਦਰ ਸਿੰਘ ਖਾਲਸਾ, ਭਾਈ ਕਰਨੈਲ ਸਿੰਘ, ਭਾਈ ਰਣਜੀਤ ਸਿੰਘ ਚਾਹਲ, ਅਜੇਪਾਲ ਸਿੰਘ, ਭਾਈ ਦਲਜੀਤ ਸਿੰਘ, ਜਰਨੈਲ ਸਿੰਘ ਜੇ ਅਤੇ ਜੇ ਫਰੇਮੀਗ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

# ਜਗਰਾਉਂ ਵਿੱਚ ਦੁਸਿਹਰੇ ਮੇਲੇ ਮੌਕੇ ਕੁਸ਼ਤੀ ਦੰਗਲ ਕਰਵਾਇਆ

ਸੀਨੀਅਰ ਆਗੂ ਰਜੇਸ਼ਇੰਦਰ ਸਿੰਘ ਸਿੱਧੂ ਨੇ ਨਾਮੀਂ ਪਹਿਲਵਾਨਾਂ ਨਾਲ ਕੀਤੀ ਜਾਣ ਪਹਿਚਾਣ ਤੇ ਕੀਤਾ ਸਨਮਾਨਿਤ







**ਜਗਰਾਉਂ, (ਵਰਿਆਮ ਹਠੂਰ)**-ਜਗਰਾਉਂ ਵਿੱਚ ਦੁਸਿਹਰੇ ਮੇਲੇ ਮੌਕੇ ਪ੍ਰਧਾਨ ਯੋਧਾ ਪਹਿਲਵਾਨ ਵੱਲੋਂ ਮੀਰੀ ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ 11ਵਾਂ ਕੁਸ਼ਤੀ ਦੰਗਲ ਕਰਵਾਇਆ ਗਿਆ, ਇਸ ਮੌਕੇ ਜਿੱਥੇ ਵੱਖ ਵੱਖ ਥਾਵਾਂ ਤੋਂ ਆਏ ਪਹਿਲਵਾਨਾਂ ਵਿਚਕਾਰ ਜ਼ਬਰਦਸਤ ਕੁਸ਼ਤੀ ਮੁਕਾਬਲੇ ਹੋਏ ਉੱਥੇ ਨਾਮੀ ਪਹਿਲਵਾਨਾਂ ਵਿਚਕਾਰ ਵੀ ਮੁਕਾਬਲੇ ਖਿੱਚ ਦਾ ਕੇਂਦਰ ਬਣੇ ਰਹੇ, ਲੜਕੀਆਂ ਦੀਆਂ ਕੁਸ਼ਤੀਆਂ ਵੀ ਵੇਖਣ ਯੋਗ ਹਨ । ਤੇ ਪ੍ਰਬੰਧਕਾਂ ਵੱਲੋਂ ਸਚੁੱਜੇ ਪ੍ਰਬੰਧ ਕੀਤੇ ਗਏ, ਕਮੈਂਟਰਾਂ ਵੱਲੋਂ ਜੁਸੀਲੇ ਅੰਦਾਜ਼ ਵਿੱਚ ਸ਼ੇਅਰ ਬੋਲ ਬੋਲ ਕੇ ਪਹਿਲਵਾਨਾਂ ਵਿੱਚ ਜੋਸ਼ ਭਰਿਆ ਤੇ ਕੁਸ਼ਤੀ ਦੰਗਲ ਯਾਦਗਾਰੀ ਹੋ ਨਿੱਬੜਿਆ, ਇਸ ਮੌਕੇ ਵਿਸ਼ੇਸ਼ ਤੌਰ ਤੇ ਕੁਸ਼ਤੀ ਦੰਗਲ ਵਿੱਚ ਪੁੱਜੇ ਸੀਨੀਅਰ ਆਗੂ ਰਜੇਸ਼ਿੰਦਰ ਸਿੰਘ (ਸਿੱਧੂ ਗੈਸ ਏਜੰਸੀ) ਵਾਲਿਆਂ ਨੇ ਜਿੱਥੇ ਕੁਸ਼ਤੀ ਦੰਗਲ ਕਰਵਾਉਣ ਵਾਲੇ ਆਗੂਆਂ ਦਾ ਧੰਨਵਾਦ ਕੀਤਾ ਉੱਥੇ ਵੱਖ ਵੱਖ ਥਾਵਾਂ ਤੋਂ ਆਏ ਨਾਮੀਂ ਪਹਿਲਵਾਨਾਂ ਅਤੇ ਹੋਰ ਪਹਿਲਵਾਨਾਂ ਨਾਲ ਜਾਣ ਪਹਿਚਾਣ ਕੀਤੀ, ਗੱਲਬਾਤ ਕਰਦਿਆਂ ਸੀਨੀਅਰ ਆਗੂ ਰਜੇਸ਼ਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਦੁਸਹਿਰੇ ਦੇ ਤਿਉਹਾਰ ਮੌਕੇ 'ਤੇ ਕਰਵਾਏ ਗਏ ਇਸ ਕੁਸ਼ਤੀ ਦੰਗਲ ਵਿੱਚ ਜਿੱਥੇ ਇਰਾਨ ਤੋਂ ਆਏ ਪਹਿਲਵਾਨਾਂ ਨਾਲ ਮਿਲਣ ਦਾ ਮੌਕਾ ਉੱਥੇ ਹੋਰ ਨਾਮੀ ਪਹਿਲਵਾਨਾਂ ਅਤੇ ਹੋਰ ਸਥਾਨਕ ਪਹਿਲਵਾਨਾਂ ਦੀਆਂ ਕੁਸ਼ਤੀਆਂ ਅਤੇ ਜਜ਼ਬੇ ਨੂੰ ਵੀ ਦੇਖਿਆ, ਪ੍ਰਬੰਧਕਾਂ ਵੱਲੋਂ ਕੁਸ਼ਤੀ ਦੰਗਲ ਕਰਵਾਉਣ ਲਈ ਪੁੱਟੇ ਕਦਮਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਤੇ ਅਜਿਹੇ ਕੁਸ਼ਤੀ ਦੰਗਲ ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਹੋਣੇ ਚਾਹੀਦੇ ਹਨ। ਤਾਂ ਜੋ ਪਹਿਲਵਾਨ ਕੁਸ਼ਤੀਆਂ ਵਿੱਚ ਆਪਣਾ ਅਤੇ ਆਪਣੇ ਮਾਪਿਆਂ ਦੇ ਨਾਲ ਨਾਲ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ, ਕੁਸ਼ਤੀ ਦੰਗਲ ਕਰਵਾਉਣ ਨਾਲ ਨਵੇਂ- ਨੌਜਵਾਨਾਂ ਵਿੱਚ ਵੀ ਪਹਿਲਵਾਨੀ ਦੀ ਰੁਚੀ ਪੈਦਾ ਹੋਵੇਗੀ। ਤੇ ਇਹ ਸਾਡੀ ਰਵਾਇਤੀ ਕੁਸ਼ਤੀ ਘੋਲਾਂ ਨਾਲ ਜੁੜੇ ਹੋਣ ਦੀ ਪਹਿਚਾਣ ਵੀ ਹੈ। ਤੇ ਹਮੇਸ਼ਾ ਰਹਿਣੀ ਚਾਹੀਦੀ ਹੈ। ਇਸ ਮੌਕੇ ਜਿੱਥੇ ਰਜੇਸ਼ਿੰਦਰ ਸਿੰਘ ਸਿੱਧੂ ਅਤੇ ਪ੍ਰਬੰਧਕਾਂ ਵੱਲੋਂ ਜੇਤੂ ਪਹਿਲਵਾਨਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਉੱਥੇ ਪ੍ਰਬੰਧਕਾਂ ਵੱਲੋਂ ਸੀਨੀਅਰ ਆਗੂ ਰਜੇਸ਼ਿੰਦਰ ਸਿੰਘ ਸਿੱਧੂ ਨੂੰ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ, ਇਸ ਮੌਕੇ ਲਾਲੀ ਪਹਿਲਵਾਨ ਤੇ ਦਰਸ਼ਨ ਸਿੰਘ (ਸਾਬਕਾ ਐਮ.ਸੀ.) ਸਮੇਤ ਪ੍ਰਬੰਧਕੀ ਟੀਮ ਅਤੇ ਪਹਿਲਵਾਨ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਤੇ ਦਿੱਲੀ ਕਮੇਟੀ ਦੇ ਪ੍ਰਧਾਨ ਕਾਲਕਾ ਅਤੇ ਕਾਹਲੋਂ ਦਾ ਧੰਨਵਾਦ : ਭੋਮਾ





**ਨਵੀਂ ਦਿੱਲੀ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ ਜਗਦੀਪ ਸਿੰਘ ਕਾਹਲੋਂ ਦੀ ਪਿਛਲੇ ਦਿਨਾਂ ਦੀ ਭੱਜ ਨੱਠ ਤੇ ਯਤਨਾਂ ਸਦਕਾ ਕੇਂਦਰ ਸਰਕਾਰ ਵਲੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਗੁਰਪੁਰਬ 3000 ਦੇ ਸਿੱਖ ਜਥੇ ਨੂੰ ਨਨਕਾਣਾ ਸਾਹਿਬ ਮਨਾਉਣ ਦੀ ਇਜਾਜ਼ਤ ਮਿਲੀ ਹੈ । ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਦੇਸ਼ ਦੇ ਪ੍ਰਧਾਨ ਸ੍ਰੀ ਨਰਿੰਦਰ ਮੋਦੀ, ਦਿੱਲੀ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ ਜਗਦੀਪ ਸਿੰਘ ਕਾਹਲੋਂ ਦਾ ਧੰਨਵਾਦ ਕੀਤਾ ਹੈ । ਇਥੇ ਇਹ ਵਰਨਣਯੋਗ ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਬੰਧ ਬੁਰੀ ਤਰ੍ਹਾਂ ਵਿਗੜਨ ਕਾਰਨ ਬਹੁਤ ਸਾਰਾ ਵਪਾਰ ਅਤੇ ਸੜਕੀ ਤੇ ਹਵਾਈ ਆਵਾਜਾਈ ਵੀ ਪੂਰੀ ਪ੍ਰਭਾਵਿਤ ਹੋਈ ਸੀ। ਇਥੋਂ ਤੱਕ ਕਿ ਇਸ ਹਮਲੇ ਕਾਰਨ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਸਿੱਖ ਜਥੇ ਤੇ ਕਰਤਾਰਪੁਰ ਲਾਂਘਾਂ ਵੀ ਬੰਦ ਕਰ ਦਿੱਤਾ ਗਿਆ ਸੀ । ਜਿਸ ਨਾਲ ਸੰਗਤ ਵਿੱਚ ਬਹੁਤ ਵੱਡੇ ਪੱਧਰ ਤੇ ਨਿਰਾਸ਼ਾ ਫੈਲ ਗਈ ਸੀ। ਇਸ ਸਬੰਧੀ ਕੁਝ ਦਿਨ ਪਹਿਲਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ ਜਗਦੀਪ ਸਿੰਘ ਕਾਹਲੋਂ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਤੋਂ ਇੱਕ ਪੱਤਰ ਲਿਖ ਕੇ ਜਾਣੂੰ ਕਰਵਾਇਆ ਸੀ ਤੇ ਕੇਂਦਰ ਸਰਕਾਰ ਨੂੰ ਆਪਣੇ ਫੈਸਲੇ ਤੇ ਮੁੜ ਵੀਚਾਰ ਕਰਨ ਦੀ ਬੇਨਤੀ ਕੀਤੀ ਸੀ । ਭਾਰਤ ਸਰਕਾਰ ਨੇ ਪੱਤਰ ਉੱਤੇ ਸੰਜੀਦਗੀ ਨਾਲ ਗੌਰ ਕਰ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਤੇ ਜਜ਼ਬਾਤਾਂ ਨੂੰ ਸਮਝਦਿਆਂ ਆਪਣੇ ਫੈਸਲੇ ਤੇ ਮੁੜ ਵੀਚਾਰ ਕਰਕੇ ਇੱਕ ਵੱਡਾ ਅਗਾਂਹਵਧੂ ਫੈਸਲਾ ਲੈ ਕੇ 3000 ਹਜ਼ਾਰ ਦੀ ਗਿਣਤੀ ਵਿੱਚ ਸਿੱਖ ਜਥਿਆਂ ਨੂੰ ਪਾਕਿਸਤਾਨ ਵਿਚਲੇ ਗੁਰਧਾਮਾਂ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਪੁਰਬ ਮਨਾਉਣ ਲਈ ਮਨਜੂਰੀ ਦੇ ਦਿੱਤੀ ਹੈ । ਜਿਸ ਨਾਲ਼ ਸਿੱਖ ਪੰਥ ਵਿੱਚ ਖੁਸ਼ੀ ਦੀ ਲਹਿਰ ਫ਼ੈਲ ਗਈ ਹੈ । ਭਾਰਤ ਸਰਕਾਰ ਵਲੋਂ ਲਏ ਗਏ ਫੈਸਲੇ ਦਾ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਨੇ ਭਰਵਾਂ ਸਵਾਗਤ ਕੀਤਾਹੈ। ਅਸੀਂ ਕੇਂਦਰ ਸਰਕਾਰ ਨੂੰ ਅਪੀਲ ਕਰਦੀ ਹਾਂ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦੇ ਹੋਏ ਅਗਲੇ ਪੜਾਅ ਵਜੋਂ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਖੋਲਿਆ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਪਹਿਲੀ "ਮਲਟੀਡਿਸਿਪਲਿਨਰੀ ਖੋਜ ਪ੍ਰਤਿੱਕਾ" ਰੀਲੀਜ਼



**ਤਲਵੰਡੀ ਸਾਬੋ, 03 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਪ੍ਰੋ. (ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਵੱਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਦੀ ਪਹਿਲੀ ਖੋਜ ਪ੍ਰਤਿਕਾ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਰੀਲੀਜ਼ ਕੀਤੀ ਗਈ। ਇਸ ਮੌਕੇ ਡਾ. ਪੀਯੂਸ਼ ਵਰਮਾ ਰਜਿਸਟਰਾਰ, ਯੂਨੀਵਰਸਿਟੀ ਦੇ ਅਧਿਕਾਰੀ ਤੇ ਵੱਖ-ਵੱਖ ਵਿਭਾਗਾਂ ਫੈਕਲਟੀ ਮੈਂਬਰ ਹਾਜ਼ਰ ਸਨ। ਰੀਲੀਜ ਮੌਕੇ ਆਪਣੇ ਵਧਾਈ ਸੰਦੇਸ਼ ਵਿੱਚ ਸ. ਗੁਰਲਾਭ ਸਿੰਘ ਸਿੱਧੂ ਚਾਂਸਲਰ ਨੇ ਕਿਹਾ ਕਿ ਇਹ ਖੋਜ ਪ੍ਰਤਿੱਕਾ ਦੇਸ਼ ਦੇ ਵੱਖ-ਵੱਖ ਅਕਾਦਮਿਕ ਖੋਜ ਖੇਤਰਾਂ ਵਿੱਚ ਕੰਮ ਕਰ ਰਹੇ ਵਿਗਿਆਨੀਆਂ ਵਿਚਕਾਰ ਇੱਕ ਪੁੱਲ ਦਾ ਕੰਮ ਕਰੇਗੀ ਅਤੇ ਉੱਭਰ ਰਹੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਆਪਣੇ ਖੋਜ ਪੱਤਰ ਪ੍ਰਕਾਸ਼ਿਤ ਕਰਨ ਦੀ ਸੁਵਿਧਾ ਵੀ ਪ੍ਰਦਾਨ ਕਰੇਗੀ। ਵਾਈਸ ਚਾਂਸਲਰ ਡਾ. ਸਿੰਘ ਨੇ ਇਸ ਜਰਨਲ ਨੂੰ ਯੁਵਾ ਸ਼ਕਤੀ-ਰਾਸ਼ਟਰ ਸ਼ਕਤੀ ਨੂੰ ਸਮਰਪਿਤ ਕਰਦੇ ਹੋਏ ਕਿਹਾ ਕਿ ਖੋਜ ਪ੍ਰਤਿੱਕਾ ਦਾ ਪਹਿਲਾ ਵਿਸ਼ੇਸ਼ ਅੰਕ ਸ਼ਰੀਰਕ ਸਿੱਖਿਆ ਵਿਸ਼ੇ ਤੇ ਕੇਂਦਰਿਤ ਹੈ। ਉਨ੍ਹਾਂ ਫੈਕਲਟੀ ਮੈਂਬਰਾਂ ਅਤੇ ਖੋਜਾਰਥੀਆਂ ਨੂੰ ਆਧੁਨਿਕ ਤਕਨੀਕਾਂ, ਮਸ਼ੀਨਾਂ ਅਤੇ ਨਵੀਨਤਮ ਸਾਧਨਾਂ ਦੀ ਵਰਤੋਂ ਕਰਕੇ ਸਮਾਜ ਅਤੇ ਲੋਕ ਹਿੱਤ ਲਈ ਲੋੜੀਦੀਆਂ ਖੋਜਾਂ ਕਰਨ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਮੌਸਮੀ ਬਦਲਾਅ ਆਰਟੀਫਿਸ਼ੀਅਲ ਇੰਟੈਂਲੀਜੈਂਸ ਵਰਗੀਆਂ ਉੱਭਰ ਰਹੀਆਂ ਸੰਭਾਵਨਾਵਾਂ ਤੇ ਚਾਨਣਾ ਪਾਇਆ। ਸੰਪਾਦਕ ਡਾ. ਵਿਜੈ ਲਕਸ਼ਮੀ, ਡੀਨ ਨੇ ਜਰਨਲ ਨੂੰ ਯੂਨੀਵਰਸਿਟੀ ਦੀ ਉਪਲਬਧੀ ਦੱਸਦੇ ਹੋਏ ਕਿਹਾ ਕਿ ਇਹ ਪ੍ਰਤਿਕਾ ਅਕਾਦਮਿਕ ਸ਼੍ਰੇਸ਼ਠਤਾ, ਨਵੀਂ ਸੋਚ ਤੇ ਸਮਾਜ ਪ੍ਰਤੀ ਸਾਡੇ ਸਮਰਪਣ ਦੀ ਭਾਵਨਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹਰ ਜਰਨਲ ਦਾ ਹਰੇਕ ਅੰਕ ਕਿਸੇ ਵਿਸ਼ੇ ਵਿਸ਼ੇਸ਼ ਨੂੰ ਸਮਰਪਿਤ ਹੋਇਆ ਕਰੇਗਾ ਤੇ ਪ੍ਰਤੀ ਵਰ੍ਹੇ ਇਸਦੇ ਚਾਰ ਅੰਕ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# 69 ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ (ਸ਼ਤਰੰਜ) ਦਾ ਸ਼ਾਨਦਾਰ ਆਗਾਜ਼

ਸੰਗਰੂਰ ( ਰਣਜੀਤ ਸਿੰਘ ਪੇਧਨੀ )- 69ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ (ਸ਼ਤਰੰਜ) ਅੰਡਰ -17 ਲੜਕੇ/ਲੜਕੀਆਂ ਦਾ ਸ਼ਾਨਦਾਰ ਆਗਾਜ਼ ਸਟੀਫਨ ਇੰਟਰਨੈਸ਼ਨਲ ਪਬਲਿਕ ਸਕੂਲ ਮਹਿਲਾਂ ਚੌਂਕ ਸੰਗਰੂਰ ਵਿਖੇ ਹੋਇਆ। ਸ਼੍ਰੀਮਤੀ ਨਰੇਸ਼ ਸੈਣੀ, ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸੰਗਰੂਰ ਨੇ ਦੱਸਿਆ ਕਿ ਸਾਰੇ ਪੰਜਾਬ ਵਿੱਚੋਂ 23 ਜ਼ਿਲ੍ਹਿਆਂ ਦੇ ਅੰਡਰ -17 ਸਾਲ ਦੇ ਲੜਕੇ ਅਤੇ ਲੜਕੀਆਂ ਦੇ ਸ਼ਤਰੰਜ ਦੇ ਖਿਡਾਰੀ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣਗੇ। ਇਸ ਟੂਰਨਾਮੈਂਟ ਦੇ ਕਨਵੀਨਰ ਸ੍ਰ ਮਨਦੀਪ ਸਿੰਘ ਡੀ ਪੀ ਈ ਨੇ ਦੱਸਿਆ ਕਿ ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਸਕੂਲ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਸ਼ਰਮਾ ਨੇ ਅੱਜ ਦੇ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ, ਉਹਨਾਂ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਖੇਡ ਭਾਵਨਾ ਤੇ ਇਮਾਨਦਾਰੀ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਟੇਟ ਕਮੇਟੀ ਮੈਂਬਰ ਸ੍ਰ ਸਿਮਰਦੀਪ ਸਿੰਘ ਬਰਨਾਲਾ ਅਤੇ ਬਤੌਰ ਆਬਜ਼ਰਵਰ ਸ੍ਰ ਮਲਕੀਤ ਸਿੰਘ ਬਰਨਾਲਾ ਹਾਜ਼ਰ ਸਨ । ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਲਈ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਮੈਂਬਰ ਸ੍ਰੀਮਤੀ ਮਨਜੋਤ ਕੌਰ ਅਤੇ ਮੈਂਬਰ ਸਹਿਬਾਨ ਵੀ ਪ੍ਰਬੰਧਾਂ ਸੰਬੰਧੀ ਵੱਖ-ਵੱਖ ਡਿਊਟੀਆਂ ਨਿਭਾਅ ਰਹੇ ਹਨ । ਇਹਨਾਂ ਤੋਂ ਇਲਾਵਾ ਹੈੱਡਮਾਸਟਰ ਸ੍ਰ ਸੁਖਦੀਪ ਸਿੰਘ , ਹੈੱਡਮਾਸਟਰ ਗੁਰਿੰਦਰ ਸਿੰਘ, ਹੈੱਡਮਾਸਟਰ ਪਰਵੀਨ ਜਿੰਦਲ, ਹੈੱਡਮਿਸਟ੍ਰੈਸ਼ ਰਿੰਕਲ ਸਿੰਗਲਾ, ਰਾਕੇਸ਼ ਗੁਪਤਾ, ਰਾਜਪ੍ਰੀਤ ਗੋਇਲ, ਹਰਿੰਦਰ ਸ਼ਰਮਾ, ਸੁਖਚੈਨ ਸਿੰਘ, ਦੀਪਕ ਕੁਮਾਰ, ਮੁਨੀਸ਼ ਦੂਆ ਆਦਿ ਹਾਜ਼ਰ ਹਨ।

ਸੈਂਟਰ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ

# ਸਰਕਾਰੀ ਸਮਾਰਟ ਸਕੂਲ ਰਾਮ ਤੀਰਥ ਜਗਾ ਵਿਖੇ ਹੋਈਆਂ ਆਰੰਭ









**ਤਲਵੰਡੀ ਸਾਬੋ, 03 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਸਿੱਖਿਆ ਅਤੇ ਖੇਡ ਵਿਭਾਗ ਦੁਆਰਾ ਕਰਵਾਈਆਂ ਜਾ ਰਹੀਆਂ ਪ੍ਰਾਇਮਰੀ ਸਕੂਲ ਖੇਡਾਂ ਦੀ ਸੈਂਟਰ ਪੱਧਰ ’ਤੇ ਸ਼ੁਰੂਆਤ ਹੋ ਗਈ ਜਿਸਦੇ ਤਹਿਤ ਅੱਜ ਸਰਕਾਰੀ ਸਮਾਰਟ ਸਕੂਲ ਰਾਮ ਤੀਰਥ ਜਗਾ ਵਿਖੇ ਸੈਂਟਰ ਪੱਧਰ ’ਤੇ ਪਹਿਲੇ ਦਿਨ ਦੀਆਂ ਖੇਡਾਂ ਆਰੰਭ ਕੀਤੀਆਂ ਜਿਸਦੀ ਅਗਵਾਈ ਸੈਂਟਰ ਹੈੱਡ ਅਧਿਆਪਕ ਸਰਦਾਰ ਪਰਮਜੀਤ ਸਿੰਘ ਦੁਆਰਾ ਕੀਤੀ ਗਈ। ਖੇਡਾਂ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਪਰਮਜੀਤ ਸਿੰਘ ਸੈਂਟਰ ਹੈੱਡ ਅਧਿਆਪਕ ਨੇ ਜਿੱਥੇ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਮੁਬਾਰਕਬਾਦ ਦਿੱਤੀ ਉਥੇ ਖੇਡਾਂ ਨੂੰ ਖੇਡ ਭਾਵਨਾ ਖੇਡਣ ਦੀ ਅਪੀਲ ਕੀਤੀ। ਪਹਿਲੇ ਦਿਨ ਦੀਆਂ ਖੇਡਾਂ ਵਿੱਚ ਜਿੱਥੇ ਸੈਂਟਰ ਦੇ ਸਾਰੇ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ ਉਥੇ ਅਥਲੈਟਿਕਸ ਮੁਕਾਬਲਿਆਂ ਵਿੱਚ ਆਪਣੇ ਜੌਹਰ ਦਿਖਾਏ ਗਏ। ਇਸ ਮੌਕੇ 100 ਮੀਟਰ, 200 ਮੀਟਰ, 400 ਮੀਟਰ ਅਤੇ 600 ਮੀਟਰ ਲੜਕੇ-ਲੜਕੀਆਂ ਦੀਆਂ ਦੌੜਾਂ ਕਰਵਾਈਆਂ ਜਿਸ ਵਿੱਚ 100 ਮੀਟਰ (ਲੜਕੀਆਂ) ਅਨਮੋਲ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਲਹਿਰੀ ਨੇ ਪਹਿਲਾ ਸਥਾਨ, ਦਿਲਵੀਰ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਸੀਂਗੋ ਨੇ ਦੂਸਰਾ ਅਤੇ ਸ਼ੁਭਦੀਪ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਸ਼ੇਖਪੁਰਾ ਨੇ ਤੀਸਰਾ ਸਥਾਨ ਹਾਸਲ ਕੀਤਾ। 200 ਮੀਟਰ (ਲੜਕੀਆਂ) ਦੌੜ ਵਿਚ ਹਰਮਨ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਸੀਂਗੋ ਪਹਿਲਾ, ਹਰਨੂਰ ਕੌਰ ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਨੇ ਦੂਸਰਾ ਸਥਾਨ ਅਤੇ ਸੁਖਮਨਦੀਪ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਸੀਂਗੋ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸਤੋਂ ਇਲਾਵਾ 400 ਮੀਟਰ (ਲੜਕੀਆਂ) ਦੌੜ ਚ ਸ਼ੁਭਦੀਪ ਕੌਰ ਸ.ਪ.ਸ ਸ਼ੇਖਪੁਰਾ ਨੇ ਪਹਿਲਾ, ਕਨਸ਼ਦੀਪ ਕੌਰ ਸਪਸ ਸੀਂਗੋ ਦੂਸਰਾ, ਨਵਦੀਪ ਕੌਰ ਪੈਰਾਡਾਈਜ਼ ਸਕੂਲ ਸੀਂਗੋ ਨੇ ਤੀਸਰਾ ਹਾਸਲ ਕੀਤਾ ਅਤੇ 600 ਮੀਟਰ (ਲੜਕੀਆਂ) ਦੌੜ ਵਿਚ ਸਰਗਮ ਪੈਰਾਡਾਈਜ਼ ਸਕੂਲ ਸੀਂਗੋ ਨੇ ਪਹਿਲਾ, ਮਨਜਿੰਦਰ ਕੌਰ ਸਪਸ ਰਾਮ ਤੀਰਥ ਜਗਾ ਨੇ ਦੂਸਰਾ, ਦਲਵੀਰ ਕੌਰ ਸਪਸ ਸੀਂਗੋ ਨੇ ਤੀਸਰਾ ਦਰਜਾ ਹਾਸਿਲ ਕੀਤਾ। ਇਸਤੋਂ ਇਲਾਵਾ 100 ਮੀਟਰ (ਲੜਕੇ) ਦੌੜ ਵਿਚ ਨਮਨ ਪੈਰਾਡਾਈਜ਼ ਸਕੂਲ ਸੀਂਗੋ ਨੇ ਪਹਿਲਾ, ਰੁਪਿੰਦਰ ਸਿੰਘ ਸਪਸ ਸ਼ੇਖਪੁਰਾ ਨੇ ਦੂਸਰਾ, ਸਾਹਿਲਦੀਪ ਸਪਸ ਲਹਿਰੀ ਨੇ ਤੀਸਰਾ ਸਥਾਨ ਹਾਸਲ ਕੀਤਾ। 200 ਮੀਟਰ (ਲੜਕੇ) ਦੌੜ ਵਿਚ ਅਰਸ਼ਦੀਪ ਸਿੰਘ ਬਹਿਮਣ ਕੌਰ ਸਿੰਘ, ਬਲਜਿੰਦਰ ਕੌਰ ਬਹਿਮਣ ਜੱਸਾ ਸਿੰਘ, ਏਕਮ ਸਿੰਘ ਭਗਵਾਨਪੁਰਾ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕੀਤਾ। 400 ਮੀਟਰ (ਲੜਕੇ) ਦੌੜ ਵਿਚ ਗੁਰਵਿੰਦਰ ਸਿੰਘ ਸਪਸ ਲਹਿਰੀ ਨੇ ਪਹਿਲਾ, ਰੁਪਿੰਦਰ ਸਿੰਘ ਸ਼ੇਖਪੁਰਾ ਨੇ ਦੂਜਾ ਅਤੇ ਕੁਲਜੀਤ ਸਿੰਘ ਬਹਿਮਣ ਜੱਸਾ ਸਿੰਘ ਨੇ ਤੀਸਰਾ ਹਾਸਲ ਕੀਤਾ। 600 ਮੀਟਰ (ਲੜਕੇ) ਦੌੜ ਵਿਚ ਦਿਲਜੀਤ ਸਿੰਘ ਬਹਿਮਣ ਜੱਸਾ ਸਿੰਘ ਨੇ ਪਹਿਲਾ, ਸ਼ਿਵਜੋਤ ਸਿੰਘ ਸਪਸ ਲਹਿਰੀ ਨੇ ਦੂਸਰਾ ਅਤੇ ਸੁਖਦੀਪ ਸਿੰਘ ਸਪਸ ਸ਼ੇਖਪੁਰਾ ਨੇ ਤੀਸਰਾ ਸਥਾਨ ਹਾਸਲ ਕੀਤਾ। ਜਿਮਨਾਸਟਿਕ ਖੇਡ ਵਿਚ ਸਪਸ ਬਹਿਮਣ ਜੱਸਾ ਸਿੰਘ (ਲੜਕੇ ਅਤੇ ਲੜਕੀਆਂ) ਨੇ ਪਹਿਲਾ ਅਤੇ ਪੈਰਾਡਾਈਜ਼ ਸਕੂਲ ਸੀਂਗੋ (ਲੜਕੇ ਅਤੇ ਲੜਕੀਆਂ) ਨੇ ਦੂਸਰਾ ਸਥਾਨ ਲਿਆ। ਸ਼ਾਟਪੁੱਟ ਮੁਕਾਬਲੇ ਵਿੱਚ ਪਹਿਲਾ ਸਥਾਨ ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਦੇ ਮਨਕਰਮਨਵੀਰ ਸਿੰਘ ਨੇ ਪਹਿਲਾ, ਨਵਜੋਤ ਸਿੰਘ ਸਪਸ ਰਾਮ ਤੀਰਥ ਜਗਾ ਨੇ ਦੂਸਰਾ ਸਥਾਨ ਅਤੇ ਸ਼ਾਟਪੁੱਟ ਲੜਕੀਆਂ ਮੁਕਾਬਲੇ ਵਿਚੋਂ ਅੰਸ਼ਜੀਤ ਕੌਰ ਪੈਰਾਡਾਈਜ਼ ਸਕੂਲ ਸੀਂਗੋ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਯੋਗਾ (ਲੜਕੇ) ਵਿੱਚੋਂ ਸਪਸ ਬਹਿਮਣ ਕੌਰ ਸਿੰਘ ਪਹਿਲਾ, ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਦੂਜਾ, ਪੈਰਾਡਾਈਜ਼ ਸਕੂਲ ਸੀਂਗੋ ਨੇ ਤੀਜਾ ਅਤੇ ਯੋਗਾ (ਲੜਕੀਆਂ) ਵਿੱਚੋਂ ਸਪਸ ਸੀਂਗੋ ਨੇ ਪਹਿਲਾ, ਸਪਸ ਬਹਿਮਣ ਜੱਸਾ ਸਿੰਘ ਨੇ ਦੂਜਾ ਅਤੇ ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਨੇ ਤੀਜਾ ਸਥਾਨ ਹਾਸਲ ਕੀਤਾ। ਲੰਬੀ ਛਾਲ (ਲੜਕੇ) ਨਮਨਪ੍ਰੀਤ ਸਿੰਘ ਪੈਰਾਡਾਈਜ਼ ਸਕੂਲ ਸੀਂਗੋ ਪਹਿਲਾ, ਸਾਹਿਲਪ੍ਰੀਤ ਸਿੰਘ ਸਪਸ ਲਹਿਰੀ ਨੇ ਦੂਜਾ ਦਰਜਾ ਅਤੇ ਅਰਸ਼ਦੀਪ ਸਿੰਘ ਬਹਿਮਣ ਕੌਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਲੰਬੀ ਛਾਲ (ਲੜਕੀਆਂ) ਵਿੱਚੋਂ ਅਨਮੋਲ ਕੌਰ ਸਪਸ ਲਹਿਰੀ ਨੇ ਪਹਿਲਾ, ਸੁਖਮਨਦੀਪ ਕੌਰ ਸਪਸ ਸੀਂਗੋ ਨੇ ਦੂਜਾ ਅਤੇ ਸ਼ੁਭਦੀਪ ਕੌਰ ਸਪਸ ਸ਼ੇਖਪੁਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਜਗਤਾਰ ਸਿੰਘ ਹੈਡ ਟੀਚਰ, ਚਰਨਜੀਤ ਕੌਰ ਹੈਡ ਟੀਚਰ, ਗੁਰਨੈਬ ਸਿੰਘ ਹੈਡ ਟੀਚਰ, ਗੁਰਬਾਜ ਸਿੰਘ ਹੈਡ ਟੀਚਰ, ਸੰਦੀਪ ਕੌਰ, ਮਨਪ੍ਰੀਤ ਕੌਰ, ਜਸਕਰਨ ਸਿੰਘ, ਜਗਦੀਪ ਸਿੰਘ, ਹਰਵਿੰਦਰ ਕੁਮਾਰ, ਰਤਨਦੀਪ ਕੌਰ, ਗਗਨਦੀਪ ਕੌਰ, ਰਾਣੀ ਕੌਰ, ਰੁਪਿੰਦਰ ਕੌਰ, ਸੰਦੀਪ ਕੌਰ, ਵਿਨੋਦ ਕੁਮਾਰ, ਜਗਤਾਰ ਸਿੰਘ, ਸੁਖਜੀਤ ਸਿੰਘ, ਸਤਵੀਰ ਸਿੰਘ, ਅਰਸ਼ਦੀਪ ਸਿੰਘ, ਬੀਰਬਲ ਸਿੰਘ, ਸੁਰਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੰਦੀਪ ਕੌਰ, ਸੁਖਜੀਤ ਕੌਰ ਅਧਿਆਪਕਾਂ ਨੇ ਸੇਵਾਵਾਂ ਨਿਭਾਈਆਂ।

# ਸੰਤ ਬਾਬਾ ਕੁਲਵਿੰਦਰ ਸਿੰਘ ਚੁਹਾਣੇ ਵਾਲਿਆਂ ਦੀ ਅਗਵਾਈ ਹੇਠ ਸ਼ਹੀਦ ਸਿੰਘਾਂ ਦੀ ਯਾਦ ’ਚ ਗੁਰਮਤਿ ਸਮਾਗਮ ਕਰਵਾਇਆ ਗਿਆ





**ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ )**-ਇੱਥੋਂ ਨੇੜਲੇ ਪਿੰਡ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਸ਼ਹੀਦ ਪਿੰਡ ਅਬਦੁੱਲਾਪੁਰ ਚੁਹਾਣੇ ਵਿਖੇ ਸੰਤ ਬਾਬਾ ਕੁਲਵਿੰਦਰ ਸਿੰਘ ਚੁਹਾਣੇ ਵਾਲਿਆਂ ਦੀ ਅਗਵਾਈ ਹੇਠ ਸ਼ਹੀਦ ਸਿੰਘਾਂ ਦੀ ਯਾਦ ਨੂੰ ਨੂੰ ਤਾਜਾ ਕਰਦਿਆਂ ਕਰਦਿਆਂ ਦੁਸਹਿਰੇ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਹੋਇਆਂ ਦਸਵੀਂ ਦਾ ਦਿਹਾੜਾ ਇਕ ਮਹਾਨ ਗੁਰਮਤਿ ਸਮਾਗਮ ਕਰਵਾ ਕੇ ਮਨਾਇਆ ਗਿਆ । ਜਿਸ ਵਿੱਚ ਵਿਸ਼ੇਸ਼ ਤੌਰ ਤੇ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ , ਸੰਤ ਬਾਬਾ ਰਵਿੰਦਰ ਸਿੰਘ ਜੋਨੀ , ਸੰਤ ਬਾਬਾ ਨਿਰਮਲ ਸਿੰਘ ਚੀਮਾ , ਸ੍ਰੀ ਮਾਨ ਸੰਤ ਬਾਬਾ ਬਲਕਾਰ ਸਿੰਘ ਪੰਜਗਰਾਈਆਂ ਵਾਲੇ, ਮਨਦੀਪ ਸਿੰਘ ਖੁਰਦ ਪ੍ਰਧਾਨ ਵਿਰਸਾ ਸੰਭਾਲ ਲਹਿਰ, ਜਸਵੀਰ ਸਿੰਘ ਲੋਗੋਂਵਾਲ ਮੈਂਬਰ ਧਰਮ ਪ੍ਰਚਾਰ ਕਮੇਟੀ ਤੋਂ ਇਲਾਵਾ ਰਾਗੀ,ਢਾਡੀ, ਕਵੀਸਰੀ ਜਥਿਆਂ ਨੇ ਸੰਗਤਾਂ ਨੂੰ ਆਪਣੀਆਂ ਵਾਰਾਂ ਸੁਣਾ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨਾ ਕੀਤਾ। ਅੰਤ ਵਿੱਚ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਸ਼ਹੀਦ ਪਿੰਡ ਅਬਦੁੱਲਾਪੁਰ ਚੁਹਾਣੇ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਕੁਲਵਿੰਦਰ ਸਿੰਘ ਚੁਹਾਣੇ ਵਾਲਿਆਂ ਆਏ ਸੰਤਾਂ ਮਹਾਪੁਰਖਾਂ ਜਥੇਦਾਰ, ਰਾਗੀ,ਢਾਡੀ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਅਤੇ ਮਾਨ ਸਨਮਾਨ ਕੀਤਾ।

# ਮੁਥੂਟ ਮਾਈਕਰੋਫਿਨ ਲਿਮਿਟਡ ਕੰਪਨੀ ਵੱਲੋਂ ਪਲੇਸਮੈਂਟ ਕੈਂਪ ਦਾ ਆਯੋਜਨ 6 ਅਕਤੂਬਰ ਨੂੰ

**ਸੰਗਰੂਰ (ਰਣਜੀਤ ਸਿੰਘ ਪੇਧਨੀ )**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵੱਲੋਂ ਮੁਥੂਟ ਮਾਈਕਰੋਫਿਨ ਲਿਮਿਟਡ ਕੰਪਨੀ ਨਾਲ ਤਾਲਮੇਲ ਕਰਕੇ ਮਿਤੀ 6 ਅਕਤੂਬਰ ਦਿਨ ਸੋਮਵਾਰ ਨੂੰ ਨੌਕਰੀ ਦੇ ਚਾਹਵਾਨ ਪ੍ਰਾਰਥੀਆਂ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਸੰਗਰੂਰ ਵਿਖੇ ਇੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਕੰਪਨੀ ਵੱਲੋਂ ਫੀਲਡ ਸਟਾਫ, ਐਗਜੀਕਿਊਟਿਵ (ਲੜਕੇ ਅਤੇ ਲੜਕੀਆਂ ਦੋਵਾਂ ਲਈ) ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ। ਜਿਸ ਲਈ ਪ੍ਰਾਰਥੀ ਦੀ ਵਿਦਿੱਅਕ ਯੋਗਤਾ 12ਵੀਂ, ਗਰੈਜੂਏਟ ਪਾਸ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਮਰ 20 ਸਾਲ ਤੋਂ 32 ਸਾਲ ਤੱਕ ਹੋਣੀ ਚਾਹੀਦੀ ਹੈ। ਚਾਹਵਾਨ ਅਤੇ ਯੋਗ ਪ੍ਰਾਰਥੀ ਰਜਿਊਮ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਲੈ ਕੇ ਇਸ ਇੰਟਰਵਿਊ ਵਿੱਚ ਭਾਗ ਲੈ ਸਕਦੇ ਹਨ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ ਅਤੇ ਡੀ.ਏ ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਵਿਖੇ ਸੰਪਰਕ ਕਰ ਸਕਦੇ ਹਨ।

# ਨੇਕੀ ਅਤੇ ਬਦੀ ਦੀ ਜਿੱਤ ਦਾ ਪ੍ਰਤੀਕ ਹੈ ਦੁਸ਼ਹਿਰੇ ਦਾ ਤਿਉਹਾਰ : ਮਾਤਾ ਹਰਪਾਲ ਕੌਰ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਹਲਕੇ ਧੂਰੀ ਵਿਖੇ ਬਦੀ ਅਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਬੜੀ ਹੀ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ ਇਸ ਮੌਕੇ ਰਾਮਲੀਲਾ ਕਮੇਟੀ ਵੱਲੋਂ ਦਿੱਤੇ ਵਿਸ਼ੇਸ਼ ਤੌਰ ਤੇ ਸੱਦਾ ਪੱਤਰ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਜੀ ਮਾਤਾ ਹਰਪਾਲ ਕੌਰ ਵਿਸੇਸ ਤੌਰ ’ਤੇ ਸਾਮਿਲ ਹੋਏ। ਇਸ ਮੌਕੇ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ, ਮੁੱਖ ਮੰਤਰੀ ਕੈਂਪਸ ਦੇ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ , ਡਾਕਟਰ ਅਨਵਰ ਭਸੌੜ ਮੈਬਰ ਵਕਫ ਬੋਰਡ ਪੰਜਾਬ , ਜਸਵੀਰ ਸਿੰਘ ਜੱਸੀ ਸੇਖੋਂ ਮੈਂਬਰ ਫੂਡ ਕਮਿਸ਼ਨਰ ਪੰਜਾਬ, ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ, ਨਗਰ ਕੌਂਸਲ ਦੇ ਪ੍ਰਧਾਨ ਮੈਡਮ ਪੁਸ਼ਪ ਤਾਇਲ ਦੇ ਪਤੀ ਸੰਦੀਪ ਤਾਇਲ ਪੱਪੂ, ਬਲਜੀਤ ਬਲਜੀਤ ਕੌਰ ਐਮ,ਸੀ,ਸੰਜੇ ਜੇ ਪੀ, ਵਿਕਾਸ ਜੈਨ ਪ੍ਰਧਾਨ ਵਪਾਰ ਮੰਡਲ ਧੂਰੀ, ਹੰਸ ਰਾਜ ਬਜਾਜ, ਰਿੰਕੂ ਵੀਰ,ਗਗਨ ਜਵੰਧਾ ਜਵੰਧਾ ਬਲਾਕ ਪ੍ਰਧਾਨ, ਰਛਪਾਲ ਸਿੰਘ ਭੁੱਲਰ ਹਲਕਾ ਕੋਆਰਡੀਨੇਟਰ, ਮਿਲਖ ਰਾਜ ਬਲਾਕ ਪ੍ਰਧਾਨ, ਨਰੇਸ਼ ਸਿੰਗਲਾ, ਦਰਸਨ ਸਿੰਘ ਪਾਠਕ,ਗੁਰਪਰੀਤ ਦੋਹਲਾ ,ਬੱਬੂ,ਅਰਸ,ਸੰਭੂ ਧੂਰੀ, ਹਰਦੀਪ ਸਿੰਘ, ਭਿੰਦਾ ਵਿਰਕ, ਮਾਣਾ ਗਰੇਵਾਲ ਰਣਜੋਧ ਸਿੰਘ ਕਾਂਝਲਾ, ਪਰਮਜੀਤ ਸਿੰਘ ਕਾਂਝਲਾ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮੁਲਜ਼ਮ ਪਤੀ-ਪਤਨੀ ’ਤੇ ਦਰਜ ਹਨ 12 ਕੇਸ

# ਯੁੱਧ ਨਸ਼ਿਆਂ ਵਿਰੁੱਧ: ਰਾਮ ਨਗਰ ਬਸਤੀ ਵਿਖੇ ਨਸ਼ਾ ਤਸਕਰਾਂ ਵੱਲੋਂ ਕੀਤੀ ਨਾਜਾਇਜ਼ ਉਸਾਰੀ ਢਾਹੀ





**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ ’ਤੇ ਕੀਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ ਦੇ ਨਿਰਦੇਸ਼ਾਂ ਮੁਤਾਬਕ ਐੱਸ.ਪੀ. (ਪੀ.ਬੀ.ਆਈ.) ਸ਼੍ਰੀ ਨਵਰੀਤ ਸਿੰਘ ਵਿਰਕ ਦੀ ਅਗਵਾਈ ਵਿੱਚ ਪੁਲੀਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਰਾਮ ਨਗਰ ਬਸਤੀ, ਉਭਾਵਾਲ ਰੋਡ ਵਿਖੇ ਨਸ਼ਾ ਤਸਕਰਾਂ ਵੱਲੋਂ ਉਸਾਰੇ ਨਾਜਾਇਜ਼ ਮਕਾਨ ਨੂੰ ਢਾਹਿਆ ਗਿਆ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਮੁਲਜ਼ਮ ਕਾਕਾ ਸਿੰਘ ਵਾਸੀ ਰਾਮ ਨਗਰ ਬਸਤੀ, ਸੰਗਰੂਰ ਖਿਲਾਫ ਐਨ.ਡੀ.ਪੀ.ਐੱਸ. ਐਕਟ ਦੇ 03 ਅਤੇ ਐਕਸਾਈਜ਼ ਐਕਟ ਦੇ 03 ਕੇਸ ਦਰਜ ਹਨ। ਮੁਲਜ਼ਮ ਕਾਕਾ ਸਿੰਘ ਦੀ ਪਤਨੀ ਬਲਜੀਤ ਕੌਰ ਉਰਫ ਗੱਗੀ ਖ਼ਿਲਾਫ਼ ਵੀ ਐਨ.ਡੀ.ਪੀ.ਐੱਸ. ਐਕਟ ਦੇ 05 ਅਤੇ ਐਕਸਾਈਜ਼ ਐਕਟ ਦਾ 01 ਕੇਸ ਦਰਜ ਹੈ। ਸ਼੍ਰੀ ਚਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਿਆਂ ਦੇ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਜਿਹੜੇ ਨੌਜਵਾਨ ਨਸ਼ਾ ਛੱਡ ਕੇ ਚੰਗੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ, ਉਹ ਅੱਗੇ ਆਉਣ ਪੰਜਾਬ ਸਰਕਾਰ ਉਹਨਾਂ ਦੀ ਹਰ ਹਾਲ ਮਦਦ ਕਰ ਰਹੀ ਹੈ। ਇਸ ਸਬੰਧੀ ਜ਼ਿਲ੍ਹੇ ਦੇ ਵਿੱਚ ਸਰਕਾਰੀ ਨਸ਼ਾ ਛੁੜਾਊ ਤੇ ਮੁੜਵਸੇਵਾ ਕੇਂਦਰ ਕਾਰਰਸ਼ੀਲ ਹਨ। ਸ਼੍ਰੀ ਚਾਹਲ ਨੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਨਸ਼ਾ ਤਸਕਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੈ ਅਤੇ ਪੰਜਾਬ ਸਰਕਾਰ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਉਨ੍ਹਾਂ ਕਿਹਾ ਕਿ “ਯੁੱਧ ਨਸ਼ਿਆਂ ਵਿਰੁੱਧ ਮੁਹਿੰਮ” ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਡੀ.ਐੱਸ. ਪੀ. (ਪੀ.ਬੀ.ਆਈ.) ਕਰਨੈਲ ਸਿੰਘ, ਐੱਸ ਐੱਚ ਓ ਥਾਣਾ ਸਿਟੀ-1 ਇੰਸਪੈਕਟਰ ਕਸ਼ਮੀਰ ਸਿੰਘ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਦੇ ਵਿਦਿਆਰਥੀਆਂ ਨੇ

# ਸੈਂਟਰ ਪੱਧਰੀ ਖੇਡਾਂ ਵਿੱਚ ਮਾਰੀਆਂ ਮੱਲਾਂ



ਬਰਨਾਲਾ -(ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਸ ਜੀ ਐਨ ਇੰਟਰਨੈਸ਼ਨਲ ਸਕੂਲ ਦੀਵਾਨਾ ਦੇ ਵਿਦਿਆਰਥੀਆਂ ਨੇ ਸੈਂਟਰ ਪੱਧਰੀ ਖੇਡਾਂ ਵਿੱਚ ਭਾਗ ਲੈ ਕੇ ਵੱਖ-ਵੱਖ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ ਸਕੂਲ ਤੋਂ ਜਾਣਕਾਰੀ ਦਿੰਦਿਆਂ ਕੁਲਜੀਤ ਸਿੰਘ ਜੀ ਨੇ ਦੱਸਿਆ ਕਿ ਸਾਡੇ ਸਕੂਲ ਦੇ ਵਿਦਿਆਰਥੀਆਂ ਦੀ ਸੈਂਟਰ ਪੱਧਰ ਮੁਕਾਬਲਿਆਂ ਵਿੱਚੋਂ ਵੱਖ-ਵੱਖ ਪੁਜੀਸ਼ਨਾਂ ਪ੍ਰਾਪਤ ਕਰਕੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਚੋਣ ਹੋਈ। ਉਹਨਾਂ ਵਿੱਚੋਂ ਅੰਡਰ 11 ਲੜਕੇ ਖੋ-ਖੋ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ ਅਤੇ ਲੜਕੀਆਂ ਖੋ-ਖੋ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ ਅਤੇ ਹਰਸ਼ਪ੍ਰੀਤ ਸਿੰਘ (ਲੰਬੀ ਛਾਲ) ਪਹਿਲੀ ਪੁਜੀਸ਼ਨ, ਤਰਨਵੀਰ ਕੌਰ (600 ਮੀਟਰ ਰੇਸ) ਦੂਜੀ ਪੁਜੀਸ਼ਨ, ਹਰਨੂਰ ਸਿੰਘ ( ਸ਼ਾਟਪੁੱਟ ) ਦੂਜੀ ਪੁਜੀਸ਼ਨ, ਮਨਸੀਰਤ ਕੌਰ ( ਸ਼ਾਟ ਪੁੱਟ ) ਦੂਜੀ ਪੁਜੀਸ਼ਨ, ਹਰਸ਼ਪ੍ਰੀਤ ਸਿੰਘ (200 ਮੀਟਰ ਰੇਸ) ਤੀਜੀ ਪੁਜੀਸ਼ਨ, ਰਵਜੋਤ ਕੌਰ ( 400 ਮੀਟਰ ਰੇਸ ) ਤੀਜੀ ਪੁਜੀਸ਼ਨ, ਹਰਸ਼ਪ੍ਰੀਤ ਸਿੰਘ (100 ਮੀਟਰ ਰੇਸ) ਤੀਜੀ ਪੁਜੀਸ਼ਨ, ਸਾਹਿਬਦੀਪ ਸਿੰਘ( ਸ਼ਾਟਪੁੱਟ ) ਦੂਜੀ ਪੁਜ਼ੀਸ਼ਨ ਰਵਨੀਤ ਕੌਰ ( ਸ਼ਾਟ ਪੁੱਟ ) ਤੀਜੀ ਪੁਜੀਸ਼ਨ, ਰਿਲੇਅ ਰੇਸ ( ਕੁੜੀਆਂ) ਦੂਜੀ ਪੁਜੀਸ਼ਨ, ਰਿਲੇਅ ਰੇਸ ( ਮੁੰਡੇ ) ਦੂਜੀ ਪੁਜੀਸ਼ਨ ਪ੍ਰਾਪਤ ਕੀਤੀ। ਇਸ ਮੌਕੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਕਿਹਾ ਸਾਡੇ ਸਕੂਲ ਦੁਆਰਾ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਇਹਨਾਂ ਨੂੰ ਵੱਖ-ਵੱਖ ਮੁਕਾਬਲਿਆਂ ਲਈ ਤਿਆਰ ਕੀਤਾ ਜਾਂਦਾ ਹੈ। ਇਸ ਦਾ ਸਿਹਰਾ ਕੁਲਜੀਤ ਸਿੰਘ ਦੀਵਾਨਾ ਅਤੇ ਸਾਡੇ ਸਕੂਲ ਦੇ ਕੋਚ ਸਾਹਿਬਾਨਾਂ ਨੂੰ ਜਾਂਦਾ ਹੈ। ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਖੇਡਾਂ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਅਤੇ ਮਾਤਾ ਪਿਤਾ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਉਮੀਦ ਕਰਦੇ ਹਾਂ ਕਿ ਬੱਚੇ ਅੱਗੇ ਵੀ ਚੰਗੀ ਮਿਹਨਤ ਕਰਕੇ ਤਰੱਕੀਆਂ ਹਾਸਲ ਕਰਨ ਅਤੇ ਸਕੂਲ ਦੇ ਨਾਲ ਨਾਲ ਆਪਣੇ ਮਾਪਿਆਂ ਦਾ ਵੀ ਨਾਮ ਰੌਸ਼ਨ ਕਰਨ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਰਾਜਸਥਾਨ ਦੇ ਮੰਡੀ ਗੋਲੂਵਾਲਾ ’ਚ ਗੁਰਦੁਆਰਾ ਸਾਹਿਬ ’ਤੇ ਹੋਏ ਹਮਲੇ ਦਾ ਐਡਵੋਕੇਟ ਧਾਮੀ ਨੇ ਲਿਆ ਸਖ਼ਤ ਨੋਟਿਸ



**ਨਵੀਂ ਦਿੱਲੀ, 3 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਜ਼ਿਲ੍ਹਾ ਹਨੁਮਾਨਗੜ੍ਹ ਦੇ ਗੁਰਦੁਆਰਾ ਮਹਿਤਾਬਗੜ੍ਹ ਸਾਹਿਬ ਮੰਡੀ ਗੋਲੂਵਾਲਾ ਵਿਖੇ ਕੁਝ ਲੋਕਾਂ ਵੱਲੋਂ ਹਮਲਾ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸਰਕਾਰ ਨੂੰ ਹਮਲਾਵਰ ਲੋਕਾਂ ਖਿਲਾਫ਼ ਤੁਰੰਤ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਦਫ਼ਤਰ ਤੋਂ ਜਾਰੀ ਬਿਆਨ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਇਹ ਮਿੱਥ ਕੇ ਕੀਤਾ ਗਿਆ ਹਮਲਾ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਬੜੇ ਹੀ ਵਹਿਸ਼ੀਆਨਾ ਤਰੀਕੇ ਨਾਲ ਗੁਰਦੁਆਰਾ ਸਾਹਿਬ ਅੰਦਰ ਸੁੱਤੇ ਸਿੰਘਾਂ ’ਤੇ ਹਮਲਾ ਕਰਕੇ ਸਿੰਘਾਂ ਸਮੇਤ ਛੋਟੇ ਛੋਟੇ ਬੱਚਿਆਂ ਨੂੰ ਵੀ ਗੰਭੀਰ ਜ਼ਖ਼ਮੀ ਕੀਤਾ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਇਹ ਸਭ ਕੁਝ ਪੁਲਿਸ ਦੀ ਮੌਜੂਦਗੀ ਵਿਚ ਹੋਇਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਨੇ ਜਿਥੇ ਦੇਸ਼ ਦੀ ਰੱਖਿਆ ਲਈ ਹਮੇਸ਼ਾ ਮੋਹਰੀ ਰੋਲ ਅਦਾ ਕੀਤਾ ਹੈ, ਉਥੇ ਜਿਸ ਵੀ ਖਿੱਤੇ ਵਿਚ ਵੱਸੇ ਹਨ ਉਥੋਂ ਦੀ ਤਰੱਕੀ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਇਸ ਦੇ ਬਾਵਜੂਦ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਅੰਦਰ ਸਿੱਖਾਂ ਨੂੰ ਪਹਿਲਾਂ ਵੀ ਕਈ ਵਾਰ ਕਕਾਰਾਂ ਕਰਕੇ ਵੱਡੀਆਂ ਮੁਸ਼ਕਲਾਂ ’ਚੋਂ ਲੰਘਣਾ ਪਿਆ ਹੈ। ਇਸ ਦੇ ਵਿਰੁੱਧ ਜਿਥੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਅਵਾਜ਼ ਉਠਾਈ, ਉਥੇ ਹੀ ਸਥਾਨਕ ਸਿੱਖਾਂ ਨੇ ਸਰਕਾਰ ਨੂੰ ਆਪਣੇ ਫੈਸਲੇ ਬਦਲਣ ਲਈ ਮਜ਼ਬੂਰ ਕੀਤਾ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਸਮਾਜ ਵਿਚ ਵੰਡੀਆਂ ਪਾ ਕੇ ਆਪਣੀ ਸਿਆਸਤ ਚਮਕਾਉਣੀ ਚਾਹੁੰਦੇ ਹਨ, ਜੋ ਦੇਸ਼ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਜਿਹੀ ਖੁਲ੍ਹ ਨਹੀਂ ਦਿੱਤੀ ਜਾ ਸਕਦੀ ਕਿ ਉਹ ਅਜਿਹੀਆਂ ਹਰਕਤਾਂ ਕਰੇ। ਐਡਵੋਕੇਟ ਧਾਮੀ ਨੇ ਰਾਜਸਥਾਨ ਦੇ ਮੁਖ ਮੰਤਰੀ ਨੂੰ ਇਸ ਮਾਮਲੇ ’ਤੇ ਤੁਰੰਤ ਕਾਰਵਾਈ ਕਰਦਿਆਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣ ਲਈ ਆਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਰਾਜੌਰੀ ਗਾਰਡਨ ਗੁਰਦੁਆਰਾ ਸਾਹਿਬ ’ਚ ਪਿਸ਼ੌਰੀ ਬਿਰਾਦਰੀ ਵੱਲੋਂ ਸਮਾਗਮ



ਨਵੀਂ ਦਿੱਲੀ, 3 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਵਿਖੇ ਪਿਸ਼ੌਰੀ ਬਿਰਾਦਰੀ ਅਤੇ ਰਾਜੌਰੀ ਗਾਰਡਨ ਦੀ ਸੰਗਤ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ 451ਵੇਂ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਮਹਾਸਚਿਵ ਜਗਦੀਪ ਸਿੰਘ ਕਾਹਲੋਂ, ਗੁਰਦੁਆਰਾ ਰਾਜੌਰੀ ਗਾਰਡਨ ਦੇ ਪ੍ਰਧਾਨ ਹਰਮਨਜੀਤ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਕੇ ਸੰਗਤਾਂ ਦੇ ਦਰਸ਼ਨ ਕੀਤੇ। ਪਿਸ਼ੌਰੀ ਬਿਰਾਦਰੀ ਦੇ ਹਰਿੰਦਰ ਸਿੰਘ ਨੇ ਦੱਸਿਆ ਕਿ ਹਾਲਾਂਕਿ ਹਰ ਸਾਲ ਪਿਸ਼ੌਰੀ ਬਿਰਾਦਰੀ ਵੱਲੋਂ ਸਮਾਗਮ ਕਰਵਾਇਆ ਜਾਂਦਾ ਹੈ, ਪਰ ਇਸ ਵਾਰ ਸ੍ਰੀ ਗੁਰੂ ਅਮਰਦਾਸ ਜੀ ਦੇ 451ਵੇਂ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮੁੱਖ ਰੱਖਦੇ ਹੋਏ ਇਹ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਜਗਜੀਤ ਸਿੰਘ ਬੱਬੀਹਾ, ਭਾਈ ਤਰਨਵੀਰ ਸਿੰਘ ਰੱਬੀ, ਭਾਈ ਲਖਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਮਹਾਸਚਿਵ ਜਗਦੀਪ ਸਿੰਘ ਕਾਹਲੋਂ ਅਤੇ ਰਾਜੌਰੀ ਸਿੰਘ ਸਭਾ ਦੇ ਪ੍ਰਧਾਨ ਹਰਮਨਜੀਤ ਸਿੰਘ ਵੱਲੋਂ ਵੀ ਸੰਗਤ ਨਾਲ ਵਿਚਾਰ ਸਾਂਝੇ ਕੀਤੇ ਗਏ। ਪਿਸ਼ੌਰੀ ਬਿਰਾਦਰੀ ਦੇ ਹਰਨਾਮ ਸਿੰਘ, ਦਵਿੰਦਰ ਸਿੰਘ, ਗੁਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਗੁਰਚਰਨ ਸਿੰਘ, ਮੋਹਣ ਹੋਰਾ, ਨਰਿੰਦਰ ਸਿੰਘ, ਬਲਜੀਤ ਸਿੰਘ, ਬਲਬੀਰ ਸਿੰਘ, ਹਰਵਿੰਦਰ ਠੁਕਰਾਲ, ਸਰਣ ਸਿੰਘ, ਤੀਰਥ ਨਾਰੰਗ, ਰਾਜੂ ਢੀਂਗਰਾ, ਪ੍ਰੇਮ ਸਿੰਘ, ਜਸਮੀਤ ਸਿੰਘ ਗੋਲਾ, ਪ੍ਰੀਤਮ ਸਿੰਘ, ਬਲਵੰਤ ਸਿੰਘ, ਦਿਲਬਾਗ ਸਿੰਘ, ਜਸਵੰਤ ਸਿੰਘ, ਸੰਨੀ ਜੀ, ਪਰਮਿੰਦਰ ਸਿੰਘ ਆਦਿ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਫਲ ਹੋ ਸਕਿਆ।

ਆਵਾਜ਼ਿ ਕੌਮ AWAZE QAUM International Newspaper & WEB TV





## ਜਨਮ ਦਿਨ ਮੁਬਾਰਕ

ਅਵਨੀਤ ਕੌਰ ਰੰਧਾਵਾ
ਪਿਤਾ ਸੁਖਵਿੰਦਰ ਸਿੰਘ
ਮਾਤਾ ਸਿਮਰਜੀਤ ਕੌਰ ਪਿੰਡ
ਖੱਬੇ ਰਾਜਪੂਤਾਂ ਜ਼ਿਲਾ
ਅੰਮ੍ਰਿਤਸਰ

ਆਵਾਜ਼ਿ ਕੌਮ AWAZE QAUM International Newspaper & WEB TV

## ਗਿਆਨੀ ਹਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ

# ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਵਰਕਿੰਗ ਕਮੇਟੀ ਦੇ ਮੈਂਬਰ ਸਾਹਿਬਾਨ ਨਿਯੁਕਤ

**ਅੰਮ੍ਰਿਤਸਰ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਸੀਨੀਅਰ ਲੀਡਰਸ਼ਿਪ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ 56 ਮੈਂਬਰੀ ਵਰਕਿੰਗ ਕਮੇਟੀ ਦਾ ਐਲਾਨ ਕੀਤਾ ਹੈ।

ਇਹ ਪਾਰਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਸਧਾਰਨ ਪਰਿਵਾਰਾਂ ਦੇ ਵਰਕਰਾਂ ਨੂੰ ਵੱਡੇ ਪੱਧਰ 'ਤੇ ਨੁਮਾਇੰਦਗੀ ਦਿੱਤੀ ਗਈ ਹੈ। ਇਸ ਵਰਕਿੰਗ ਕਮੇਟੀ ਵਿੱਚ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ, ਔਰਤਾਂ ਅਤੇ ਸਾਰੇ ਹੀ ਵਰਗਾਂ ਨੂੰ ਢੁੱਕਵੀਂ ਤਰ੍ਹਾਂ ਸ਼ਾਮਲ ਕੀਤਾ ਗਿਆ ਹੈ। ਇਹ ਸਾਡੀ ਸਿਆਸਤ ਦਾ ਅਸਲ ਮਕਸਦ ਹੈ ਕਿ ਹਰ ਵਰਗ ਦੀ ਅਵਾਜ਼ ਪਾਰਟੀ ਦੇ ਪਲੇਟਫਾਰਮ ਰਾਹੀਂ ਉੱਚੀ ਹੋਵੇ।

11 ਅਗਸਤ 2025 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੋਏ ਜਰਨਲ ਇਜਲਾਸ ਵਿੱਚ ਪਾਸ ਮਤਿਆਂ ਦੀ ਰੋਸ਼ਨੀ ਵਿੱਚ 31 ਮੈਂਬਰਾਂ ਨੂੰ ਨਿਯੁਕਤ ਕੀਤਾ ਗਿਆ ਹੈ। ਇਸਦੇ ਨਾਲ ਹੀ ਮੈਂ 10 ਹੋਰ ਵਰਕਿੰਗ ਕਮੇਟੀ ਮੈਂਬਰ ਅਤੇ 15 ਸਪੈਸ਼ਲ ਇਨਵਾਇਟੀ ਮੈਂਬਰਾਂ ਨੂੰ ਨਾਮਜ਼ਦ ਕੀਤਾ ਹੈ। ਮੈਂ ਸਾਰੇ ਨਵੇਂ ਨਿਯੁਕਤ ਮੈਂਬਰਾਂ ਨੂੰ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦਾ ਹਾਂ।ਉਮੀਦ ਹੈ ਕਿ ਤੁਸੀਂ ਸਭ ਮਿਲ ਕੇ ਪਾਰਟੀ ਦੇ ਅਸੂਲਾਂ ਅਤੇ ਗੁਰਮਤਿ ਦੇ ਰਾਹ 'ਤੇ ਚੱਲਦੇ ਹੋਏ ਲੋਕਾਂ ਦੀ ਬਿਹਤਰੀ ਲਈ ਕੰਮ ਕਰੋਗੇ।

- ਬੀਬੀ ਪਰਮਜੀਤ ਕੌਰ ਲਾਂਡਰਾ
- ਸ.ਮਨਜੀਤ ਸਿੰਘ ਦਸੂਹਾ
- ਡਾ. ਮੁਖਤਿਆਰ ਸਿੰਘ
- ਬੀਬੀ ਹਰਜੀਤ ਕੌਰ ਤਲਵੰਡੀ
- ਸ. ਸੁਖਵੰਤ ਸਿੰਘ ਪੰਜਲੈਂਡ
- ਸ. ਦਰਸ਼ਨ ਸਿੰਘ ਸ਼ਿਵਾਲਕ
- ਸ. ਚਰਨ ਸਿੰਘ ਕੰਧ ਵਾਲਾ
- ਗਿਆਨੀ ਹਰਦੀਪ ਸਿੰਘ
- ਸ. ਅਮਰਿੰਦਰ ਸਿੰਘ ਲਿਬੜਾ
- ਸ. ਗੁਰਿੰਦਰ ਸਿੰਘ ਗੋਗੀ
- ਸ. ਹਰਮਹਿੰਦਰ ਸਿੰਘ ਗੱਗੜਪੁਰ
- ਸ. ਹਰਿੰਦਰਪਾਲ ਸਿੰਘ ਟੌਹੜਾ
- ਸ. ਬੇਅੰਤ ਸਿੰਘ (ਸ੍ਰੀ ਅੰਮ੍ਰਿਤਸਰ ਸਾਹਿਬ)
- ਸ. ਜਸਵੀਰ ਸਿੰਘ ਜਫਰਵਾਲ
- ਸ੍ਰੀ ਪ੍ਰਕਾਸ਼ ਚੰਦ ਗਰਗ
- ਪ੍ਰੋ. ਬਲਵਿੰਦਰ ਸਿੰਘ ਜੋੜਾਸਿੰਘਾ
- ਪ੍ਰਿੰਸੀਪਲ ਮੋਹਨ ਲਾਲ
- ਸ੍ਰੀ ਅਮਿੱਤ ਕੁਮਾਰ ਸੇਠੀ
- ਸ. ਮਲਕੀਤ ਸਿੰਘ ਸਮਾਓ
- ਸ. ਦਲਜੀਤ ਸਿੰਘ ਅਮਰਕੋਟ
- ਬੀਬੀ ਸੁਰਿੰਦਰ ਕੌਰ ਦਿਆਲ
- ਸ. ਕੁਲਵੰਤ ਸਿੰਘ ਮੁੰਬਈ
- ਸ. ਗੁਰਲਾਲ ਸਿੰਘ ਖਾਲਸਾ
- ਸ.ਤੇਜਿੰਦਰਪਾਲ ਸਿੰਘ ਸੰਧੂ
- ਸ. ਹਰਬੰਸ ਸਿੰਘ ਕੰਦੋਲਾ
- ਸ.ਜਸਜੀਤ ਸਿੰਘ ਬਨੀ ਦਿੱਲੀ
- ਸ. ਅਵਤਾਰ ਸਿੰਘ ਕਲੇਰ
- ਸ. ਜਸਪਾਲ ਸਿੰਘ ਫਿਰੋਜਪੁਰ
- ਮੁਹੰਮਦ ਤੁਫੈਲ ਮਲਿਕ
- ਸ. ਸਤਪਾਲ ਸਿੰਘ ਵਡਾਲੀ
- ਸ. ਭੁਪਿੰਦਰ ਸਿੰਘ ਸੇਖੂਪੁਰ
- ਸ. ਜਰਨੈਲ ਸਿੰਘ ਗੜ੍ਹਦੀਵਾਲ
- ਸ. ਜਸਵੰਤ ਸਿੰਘ ਪੁੜੈਣ
- ਸ. ਕੁਲਜੀਤ ਸਿੰਘ ਸਿੰਘ ਬ੍ਰਦਰਜ
- ਸ. ਰਘਬੀਰ ਸਿੰਘ ਰਾਜਾਸਾਂਸੀ
- ਸ. ਪਰਮਪਾਲ ਸਿੰਘ ਸਭਰਾ
- ਸ. ਸੁਖਦੇਵ ਸਿੰਘ ਫਗਵਾੜਾ
- ਸ. ਅਮਰਿੰਦਰ ਸਿੰਘ ਬਨੀ
- ਸ. ਭੁਪਿੰਦਰ ਸਿੰਘ ਸੇਮਾ
- ਸ. ਚਰਨਜੀਤ ਸਿੰਘ ਬਠਿੰਡਾ
- ਸ. ਲਵਪ੍ਰੀਤ ਸਿੰਘ ਗੰਗਾਨਗਰ



## ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਅਗਵਾਈ ਹੇਠ ਪਾਰਟੀ ਵੱਲੋਂ ਵਰਕਿੰਗ ਕਮੇਟੀ ਦੇ ਨਿਯੁਕਤ ਕੀਤੇ ਗਏ ਸਾਰੇ ਮੈਂਬਰ ਸਾਹਿਬਾਨ ਨੂੰ ਬਹੁਤ-ਬਹੁਤ ਮੁਬਾਰਕਬਾਦ।

ਆਵਾਜ਼ਿ ਕੌਮ AWAZE QAUM
International Newspaper & WEB TV

### "ਝੂਠੇ ਮਿਹਣਿਆਂ ਨਾਲ ਨਹੀਂ ਜੋਗ ਜਾਂਦੇ,

# ਸੰਗਲ ਟੁੱਟਦੇ ਨਹੀਂ ਨਾਲ ਫੁਹਾਰਿਆਂ ਦੇ।"

28 ਜੂਨ 2017 ਦੇ ਦਿਨ ਮੈਂ ਅਤੇ ਦੋ ਪੰਥਪ੍ਰਸਤ ਅਦੀਬ ਦੋਸਤ, ਸਿੱਖ ਸੰਘਰਸ਼ ਦੀ ਪੁਨਰ ਉਸਾਰੀ ਦੀਆਂ ਸੰਭਾਵਨਾਵਾਂ, ਤੱਤਕਾਲੀ ਸੰਘਰਸ਼ ਨੂੰ ਢਾਹ ਲਾਉਣ ਦੀਆਂ ਜਿੰਮੇਵਾਰ 'ਮਨਮੱਤੀ ਕਾਰਵਾਈਆਂ' ਸੰਬੰਧੀ ਨਿਰਣਾ, ਸਲਾਹ, ਸੁਆਲ ਅਤੇ ਸ਼ਿਕਵਾ ਕਰਣ ਦੇ ਮਨੋਰਥ ਨਾਲ, ਪਰ ਆਵਦੇ ਮਨ ਵਿੱਚ ਸਤਿਕਾਰਿਤ ਅਤੇ ਸ਼ਰਧਿਕ ਭਾਵ ਰੱਖਦੇ ਹੋਏ ਸਰਦਾਰ ਅਜਮੇਰ ਸਿੰਘ ਨੂੰ ਮਿਲਣ ਗਏ।




ਸਾਡੀ ਉਹ ਮੁਲਾਕਾਤ/ਬੈਠਕ ਇੱਕ ਸਾਂਝੇ ਸੰਘਰਸ਼ੀ ਮਿੱਤਰ ਦੀ ਸਹਾਇਤਾ ਨਾਲ, ਮੁਹਾਲੀ ਸਥਿਤ 'ਸਿੱਖ ਸਿਆਸਤ' ਦੇ ਦਫਤਰ ਵਿੱਚ ਹੋਣੀ ਤੈਅ ਹੋਈ ਸੀ।

ਉਸ 'ਸਹਾਇਕ ਮਿੱਤਰ' ਵੱਲੋਂ ਸਾਡੇ ਨਾਲ ਨਾ ਜਾਣ ਨੇ ਮੈਨੂੰ ਥੋੜਾ ਹੈਰਾਨ ਅਤੇ ਨਿਰਾਸ਼ ਤਾਂ ਜ਼ਰੂਰ ਕੀਤਾ ਸੀ, ਪਰ ਮੈਂ ਉਸਦੇ ਨਾਲ ਨਾ ਜਾ ਸਕਣ ਦੇ ਦੱਸੇ ਕਾਰਣ/ ਬਹਾਨੇ ਨਾਲ ਸਹਿਮਤ ਹੋਣ ਕਰਕੇ ਉਦੋਂ 'ਸ਼ੱਕ' ਨਹੀਂ ਸੀ ਕੀਤਾ।

ਉਸ ਬੈਠਕ ਵਿੱਚ ਪਰਮਜੀਤ ਸਿੰਘ 'ਗਾਜੀ' ਤਾਂ ਦਫਤਰੀ ਪ੍ਰਬੰਧਕ ਵਜੋਂ ਆਵਦੇ ਕੰਮਕਾਰ ਵਾਲੀ ਕੁਰਸੀ ਉੱਤੇ ਸਾਡੇ ਨੇੜੇ ਹੀ ਸ਼ੁਸ਼ੋਭਿਤ ਸੀ, ਪਰ ਮਨਧੀਰ ਸਿੰਘ 'ਵਿਸ਼ੇਸ਼' ਤੌਰ ਤੇ ਉੱਥੇ ਹਾਜਰ ਹੋਇਆ ਸੀ। ਜਿਸਨੂੰ ਮਿਲਣ ਦੀ ਮੇਰੀ ਤਾਂ ਕੋਈ ਇੱਛਾ ਵੀ ਨਹੀਂ ਸੀ।

ਇਹ ਸੱਚ ਹੈ ਕਿ ਵਿਦੇਸ ਵਿੱਚ ਰਹਿਣ ਦੇ ਕਾਰਨ ਮੈਂ ਉਸ ਸਮੇਂ ਤੱਕ ਮਨਧੀਰ ਸਿੰਘ ਬਾਰੇ ਜਾਣੂ ਨਹੀਂ ਸੀ। ਹਾਂ, ਪਰਮਜੀਤ ਸਿੰਘ 'ਗਾਜੀ' ਦੇ ਲਿਖੇ ਅਜੀਤ ਅਖਬਾਰ ਵਿੱਚ ਛਪਦੇ ਲੇਖਾਂ ਅਤੇ ਹੋਰ ਸਰਗਰਮੀਆਂ ਕਾਰਣ, ਉਸਦੀ ਕਾਰਗੁਜਾਰੀ ਬਾਰੇ ਪੇਤਲੇ ਜਿਹੇ ਰੂਪ ਵਿੱਚ ਜਾਣਦਾ ਸੀ।

ਜਦੋਂ ਮੈਂ ਸਿੱਖ ਸੰਘਰਸ਼ ਦੀ ਢਲਾਣ ਅਤੇ ਬਾਅਦ ਵਿੱਚ ਖਾਤਮੇ ਦਾ ਮੁੱਖ ਕਾਰਣ ਬਣੇ ਸ਼ਹੀਦ ਭਾਈ ਹਰਮਿੰਦਰ ਸਿੰਘ 'ਸੰਧੂ', ਬਾਕੀ ਫੈਡਰੇਸ਼ਨ ਆਗੂਆਂ, ਬਹੁਤ ਸਾਰੇ ਸੰਘਰਸ਼ੀ ਸਿੱਖਾਂ ਅਤੇ ਇਕਾਨਵੇਂ ਵਾਲੀਆਂ ਚੋਣਾਂ ਦੌਰਾਨ ਪੰਥਕ ਉਮੀਦਵਾਰਾਂ ਦੇ ਖਾੜਕੂਆਂ ਵੱਲੋਂ ਕੀਤੇ ਕਤਲਾਂ ਸੰਬੰਧੀ ਸਰਦਾਰ ਅਜਮੇਰ ਸਿੰਘ ਨੂੰ ਸੁਆਲ ਕੀਤੇ ਤਾਂ ਉਸਦੇ ਜਵਾਬ ਜਰਾ ਕੁ ਖਰਵੇਂ ਜ਼ਰੂਰ, ਪਰ ਸਲੀਕੇਦਾਰ ਰੌਂਅ ਅਤੇ ਸਬਦਾਂ ਵਿੱਚ ਸਨ।

ਪਰ ਮਨਧੀਰ ਸਿੰਘ ਨੇ ਅੱਗੇ ਵਧਕੇ ਸ਼ਹੀਦ ਭਾਈ ਹਰਮਿੰਦਰ ਸਿੰਘ 'ਸੰਧੂ' ਖਿਲਾਫ ਸਾਜਿਸ਼ ਤਹਿਤ ਪ੍ਰਚਾਰੇ ਗਏ ਮਾਨਾਂਵਾਲਾ ਕਾਂਡ ਦੇ ਬੇਬੁਨਿਆਦ ਦੋਸ਼ ਦੇ ਜਿਕਰ ਤੋਂ ਇਲਾਵਾ, ਇੱਕ ਪ੍ਰਮੁੱਖ ਧਾਰਮਿਕ ਅਹੁਦੇਦਾਰ ਹਸਤੀ ਦੇ ਹਵਾਲੇ ਨਾਲ ਬੜਾ ਹੀ ਬਚਕਾਨਾ ਕਿਸਮ ਦਾ ਨਿਰਮੂਲ ਦੋਸ਼ ਮੜ੍ਹਿਆ ਤਾਂ ਮੈਨੂੰ ਉਸਦੀ (ਮਨਧੀਰ ਸਿੰਘ) 'ਮਾਨਸਿਕਤਾ' ਸਪੱਸ਼ਟ ਹੋ ਗਈ। ਮਨਧੀਰ ਸਿੰਘ ਵੱਲੋਂ ਲਾਏ ਉਸ ਬੇਬੁਨਿਆਦ ਦੋਸ਼ ਦੀ ਪੁਸ਼ਟੀ ਤਾਂ ਕਿੱਥੋਂ ਹੋਣੀ ਸੀ!

ਪਰ ਉਸਨੇ ਸਾਡੇ ਜਿਹਨ ਵਿੱਚ ਇੱਕ 'ਗੰਭੀਰ ਸੁਆਲ' ਜ਼ਰੂਰ ਉਪਜਾ ਦਿੱਤਾ ਸੀ।

ਗੱਲਬਾਤ (ਬਹਿਸ) ਦੇ ਅਖੀਰ ਜਿਹੇ ਤੇ ਮਨਧੀਰ ਸਿੰਘ ਨੇ ਮੈਨੂੰ ਕਿਹਾ ਕਿ,' ਤੂੰ ਸੰਘਰਸ਼ ਨਹੀਂ ਨਾ ਕੀਤਾ!'

ਬਣ ਚੁੱਕੀ ਸਮਝ ਅਤੇ ਮਾਹੌਲ ਦੇ ਅਨੁਸਾਰ ਮੈਂ ਮਨਧੀਰ ਸਿੰਘ ਦੇ ਉਹਨਾਂ ਸਬਦਾਂ ਨੂੰ 'ਉਦੋਂ ਤਾਂ' ਨਿਰਣੇ ਰੂਪ 'ਤਨਜ' ਵਜੋਂ ਲੈਂਦਿਆਂ, ਗੈਰ ਰਸਮੀਂ ਜਿਹੇ ਲਹਿਜੇ ਵਿੱਚ ਟਾਲਣਾ ਬਿਹਤਰ ਸਮਝਦਿਆਂ ਜੁਆਬ ਵਿੱਚ ਮੈਂ ਕਿਹਾ ਕਿ, 'ਹਾਂ, ਮੈਂ ਸੰਘਰਸ਼ ਨਹੀਂ ਕੀਤਾ।' ਪਰ ਸਮਾਂ ਬੀਤਣ ਨਾਲ ਅੱਗੇ ਚੱਲਕੇ ਇਹ ਸਪੱਸ਼ਟ ਹੋ ਗਿਆ ਕਿ, 'ਉਹ ਸਹਿਜ ਤਨਜ ਨਹੀਂ, ਗੰਭੀਰ ਸੁਆਲ ਸੀ!'

ਕੁੱਝ ਅਰਸੇ ਬਾਅਦ ਜਲਦੀ ਹੀ ਮਨਧੀਰ ਸਿੰਘ ਬਾਰੇ ਇੱਕ 'ਅਹਿਮ ਸੰਘਰਸ਼ੀ' ਵੱਲੋਂ ਕੀਤੇ 'ਹੈਰਾਨੀਜਨਕ ਖੁਲਾਸੇ' ਉਪਰੰਤ ਮਨਧੀਰ ਸਿੰਘ ਵੱਲੋਂ ਮੈਨੂੰ ਉਹ ਸੁਆਲ ਕਰਣ ਪਿਛਲੀ 'ਮਨਸ਼ਾ' ਦੀ ਪੱਕੀ ਤਸਦੀਕ ਵੀ ਹੋ ਗਈ।

ਕਿਸਾਨ ਸੰਘਰਸ਼ ਦੌਰਾਨ ਇਹਨਾਂ ਹੀ ਲੋਕਾਂ ਵੱਲੋਂ ਦੀਪ ਸਿੱਧੂ ਨਾਲ ਕੀਤੇ ਨਫਰਤੀ ਵਿਹਾਰ ਤੋਂ ਪੀੜਤ, ਪ੍ਰਭਾਵਿਤ ਜਾਂ ਕਹੋ ਉਤਸ਼ਾਹਿਤ ਹੋ ਕੇ ਅਤੇ ਜਾਂ ਫਿਰ ਇਤਫਾਕਵੱਸ ਹੀ ਬਾਬਾ Bhagwan Singh Kar Sewa ਵੱਲੋਂ ਸ਼ਹੀਦ ਭਾਈ ਹਰਮਿੰਦਰ ਸਿੰਘ 'ਸੰਧੂ' ਦੇ ਕਤਲ ਬਾਰੇ ਸਪੱਸ਼ਟੀਕਰਣ ਮੰਗਦੀ ਮੀਡੀਆ ਚੈਨਲ ਨਾਲ ਕੀਤੀ ਪਹਿਲੀ ਗੱਲਬਾਤ ਅਤੇ ਫਿਰ ਇਸ ਸਿਲਸਿਲੇ ਨੂੰ 'ਸੰਧੂ ਸਾਬ੍ਹ' ਦੇ ਮੇਰੇ ਸਮੇਤ ਕਈ ਸਾਥੀ ਸੰਘਰਸ਼ੀਆਂ ਅਤੇ ਹਮਦਰਦਾਂ ਵੱਲੋਂ ਮੀਡੀਆ ਚੈਨਲਾਂ ਅਤੇ ਸੋਸ਼ਲ ਮੀਡੀਆ ਰਾਹੀਂ ਅੱਗੇ ਵਧਾਉਣ ਕਾਰਣ, ਇਸ ਅਹਿਮ ਇਤਿਹਾਸਿਕ ਸੱਚਾਈ ਨੂੰ ਦਬਾਉਣ ਦੇ ਮਨੋਰਥ ਤਹਿਤ, ਸਾਡੇ ਉੱਪਰ ਖਾੜਕੂ ਸਿੰਘਾਂ, ਸ਼ਹੀਦਾਂ ਅਤੇ ਸੰਘਰਸ਼ ਨੂੰ ਬਦਨਾਮ ਕਰਣ ਦੇ 'ਬੇਬੁਨਿਆਦ ਦੋਸ਼' ਮਨਧੀਰ ਸਿੰਘ ਦੀ ਧਿਰ ਅਤੇ ਉਸਦੇ ਅਸਲੀ/ਨਕਲੀ ਸੋਸ਼ਲ ਮੀਡੀਆ ਹਮਾਇਤੀਆਂ ਵੱਲੋਂ ਮੜ੍ਹੇ ਗਏ।

ਜਦਕਿ ਸਾਡਾ ਮਨੋਰਥ ਸਿੱਖ ਸੰਘਰਸ਼ ਦੌਰਾਨ ਹੋਈਆਂ ਜਾਂ ਕੀਤੀਆਂ ਗੁਰਮਤਿ ਵਿਰੋਧੀ, 'ਮਨਮੱਤੀ ਕਾਰਵਾਈਆਂ ਦੀ ਮੈਲ' ਉਤਾਰ ਅਤੇ ਅਲਹਿਦਾ ਕਰਕੇ ਸਿੱਖ ਸੰਘਰਸ਼ ਅਤੇ ਸ਼ਹੀਦਾਂ ਦੀ ਆਭਾ ਅਤੇ ਕੁਰਬਾਨੀ ਨੂੰ ਸਤਿਕਾਰਿਤ ਬਨਾਉਣਾ ਸੀ।

ਤਾਂ ਕਿ ਇਤਿਹਾਸ ਵਿੱਚ ਉਹਨਾਂ ਬਾਕੀ ਸੱਚੇ ਸੁੱਚੇ ਸੰਘਰਸ਼ੀਆਂ ਅਤੇ ਸ਼ਹੀਦਾਂ ਦੀ ਘਾਲ, ਕੁਰਬਾਨੀ ਅਤੇ ਸੇਵਾ ਨੂੰ 'ਸੁਨਹਿਰੀ ਅੱਖਰਾਂ' ਵਿੱਚ ਦਰਜ ਹੋਣ ਦਾ ਦਰਜਾ ਅਤੇ ਮਾਣ ਪ੍ਰਾਪਤ ਹੋ ਸਕੇ।

ਹੁਣ, ਸੱਚਾਈ ਤੁਹਾਡੇ ਸਭ ਦੇ ਸਾਹਮਣੇ ਹੈ।

ਹਾਂ, ਸੱਚ ਪ੍ਰਗਟ ਅਤੇ ਪ੍ਰਜਵੱਲਿਤ ਕਰਣ ਲਈ ਵੀ ਕਈ ਵਾਰ 'ਬੇਬੁਨਿਆਦ ਦੋਸ਼ਾਂ, ਤਾਅਨਿਆਂ, ਡਰਾਵਿਆਂ ਅਤੇ ਸ਼ਿਕਵਿਆਂ ਦੇ ਵਾਰ ਸਹਿੰਦਿਆਂ' ਰੂਹਾਂ ਨੂੰ ਵੀ ਲਹੂ ਲੁਹਾਣ ਹੋਣਾ ਪੈਂਦੈ।

ਇਸ ਸਾਰੇ ਸਫਰ ਦੌਰਾਨ ਸ਼ਹੀਦ ਭਾਈ ਹਰਮਿੰਦਰ ਸਿੰਘ 'ਸੰਧੂ' ਦੇ ਆਪਣੇ ਆਪ ਨੂੰ 'ਬੇਹੱਦ ਕਰੀਬੀ, ਹਮਾਇਤੀ ਜਾਂ ਹਮਦਰਦ' ਹੋਣ ਦਾ 'ਦਾਅਵਾ' ਕਰਣ ਵਾਲੇ ਕਈ ਜਾਣੂ ਜਾਂ ਮਿੱਤਰ ਸੱਜਣਾਂ ਕੋਲੋਂ ਵੀ, ਕਈ ਤਰਾਂ ਦੀਆਂ ਨਿਰਾਸ਼ ਕਰੂ ਟਿੱਪਣੀਆਂ ਵੀ ਪੀੜੋ ਪੀੜ ਹਿਰਦੇ, ਪਰ ਇਸ ਯਕੀਨ ਨਾਲ ਬਰਦਾਸ਼ਤ ਕੀਤੀਆਂ ਕਿ, 'ਜ਼ਰੂਰੀ ਨਹੀਂ ਕਿ ਸੱਚ ਦੀ ਸਮਝ ਜਾਂ ਅਹਿਮੀਅਤ ਹਰੇਕ ਨੂੰ ਬਰਾਬਰ ਇੱਕੋ ਵੇਲੇ ਜਾਂ ਇੱਕੋ ਜਿਹੀ ਪੈ ਜਾਵੇ!' ਐਨੀ ਮੇਰੀ ਬਾਤ।

ਦਸਮ ਪਾਤਸ਼ਾਹ ਸਭ ਥਾਈਂ ਹੋਇ ਸਹਾਇ।

**-ਜਸਵੰਤ ਸਿੰਘ ਰੋਡੇ**

### ਪੰਜਾਬ ਵਿਚ ਬੀ.ਐਸ.ਐਫ ਦੀਆਂ 50 ਕੰਪਨੀਆਂ ਲਗਾਉਣ ਦਾ ਸੰਕੇਤ ਪੰਜਾਬ ਨੂੰ ਫਿਰ ਤੋਂ ਦੁਖਾਂਤ ਵਿਚ ਧਕੇਲਣ ਦੀ ਸਾਜਿਸ : ਮਾਨ

ਨਵੀਂ ਦਿੱਲੀ, 3 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):– "ਪੰਜਾਬ ਸੂਬਾ ਇਕ ਉਹ ਸਰਹੱਦੀ ਸੂਬਾ ਹੈ ਜਿਥੇ ਵੱਸਣ ਵਾਲੇ ਪੰਜਾਬੀ ਅਤੇ ਸਿੱਖ ਕੌਮ ਨਾ ਤਾਂ ਕਿਸੇ ਨਾ ਕਿਸੇ ਤਰ੍ਹਾਂ ਦੀ ਵਧੀਕੀ ਕਰਦੇ ਹਨ ਅਤੇ ਨਾ ਹੀ ਕਿਸੇ ਤਰ੍ਹਾਂ ਦੀ ਵਧੀਕੀ ਸਹਿਣ ਕਰਦੇ ਹਨ। ਕਿਉਂਕਿ ਨੌਵੀ ਪਾਤਸਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਾਨੂੰ ਹੁਕਮ ਕੀਤਾ ਹੈ 'ਭੈ ਕਾਹੂ ਕੋ ਦੇਤਿ ਨਾ, ਨਾ ਭੈ ਮਾਨਤਿ ਆਨਿ'। ਲੇਕਿਨ ਦੁੱਖ ਅਤੇ ਅਫਸੋਸ ਹੈ ਕਿ ਸੈਟਰ ਦੇ ਹੁਕਮਰਾਨ ਭਾਵੇ ਉਹ ਕਾਂਗਰਸ ਹੋਵੇ, ਬੀਜੇਪੀ–ਆਰ.ਐਸ.ਐਸ ਹੋਵੇ ਜਾਂ ਹੋਰ ਹਿੰਦੂਤਵ ਹੁਕਮਰਾਨ ਸਭ ਸਮੁੱਚੇ ਇੰਡੀਆਂ ਵਿਚ ਕੱਟੜਵਾਦੀ ਹਿੰਦੂਆਂ ਦੀ ਵੋਟ ਲੈਣ ਲਈ ਪੰਜਾਬ ਵਿਚ ਅਜਿਹੀਆ ਸਾਜਿਸਾਂ ਰਚਦੇ ਹਨ ਜਿਸ ਨਾਲ ਅਮਨਮਈ ਵੱਸਦੇ ਪੰਜਾਬ ਨੂੰ ਮੰਦਭਾਵਨਾ ਤੇ ਸਾਜਿਸਾਂ ਅਧੀਨ ਨਿਸ਼ਾਨਾਂ ਬਣਾਕੇ ਇਥੋ ਦੇ ਮਾਹੌਲ ਨੂੰ ਗੰਧਲਾ ਕਰਕੇ ਇਕ ਤਾਂ ਬਦਨਾਮ ਕੀਤਾ ਜਾ ਸਕੇ, ਦੂਜਾ ਇਹ ਬਹਾਨਾ ਬਣਾਕੇ ਪੁਲਿਸ ਤੇ ਫ਼ੌਜ ਦਾ ਜ਼ਬਰ ਕਰਦੇ ਰਹਿਣ। ਫਿਰ ਇਸ ਸਰਹੱਦੀ ਸੂਬੇ ਨੂੰ ਸਮੁੱਚੇ ਇੰਡੀਆ ਨਾਲੋ ਵੱਖਰੇ ਮੁਲਕ ਦੀ ਤਰ੍ਹਾਂ ਨਫਰਤ ਭਰਿਆ ਵਿਵਹਾਰ ਕਰਕੇ ਹਿੰਦੂਆਂ ਦੀਆਂ ਵੋਟਾਂ ਨੂੰ ਆਪਣੇ ਪੱਖ ਵਿਚ ਭੁਗਤਾਅ ਸਕਣ। ਇਸ ਮੰਦਭਾਵਨਾ ਭਰੀ ਸੋਚ ਨੂੰ ਮੁੱਖ ਰੱਖਕੇ ਹੀ ਸੈਟਰ ਵੱਲੋ ਪੰਜਾਬ ਵਿਚ 50 ਬੀ.ਐਸ.ਐਫ ਦੀਆਂ ਕੰਪਨੀਆ ਲਗਾ ਦਿੱਤੀਆ ਹਨ ਜਦੋਕਿ ਅਮਨ ਕਾਨੂੰਨ ਦੀ ਹਰ ਤਰ੍ਹਾਂ ਦੀ ਵਿਵਸਥਾਂ ਨੂੰ ਕਾਬੂ ਰੱਖਣ ਲਈ ਪੰਜਾਬ ਪੁਲਿਸ ਅਤੇ ਇਥੇ ਤਾਇਨਾਤ ਹੋਰ ਬਲ ਸਮਰੱਥ ਹਨ। ਬੀ.ਐਸ.ਐਫ. ਦੀਆਂ ਕੰਪਨੀਆ ਤਾਇਨਾਤ ਕਰਨ ਦਾ ਸੰਕੇਤ ਇਹ ਜਾਂਦਾ ਹੈ ਕਿ ਮੋਦੀ ਹਕੂਮਤ ਤੇ ਹਿੰਦੂਤਵ ਹੁਕਮਰਾਨ ਪੰਜਾਬ ਵਿਚ ਫਿਰ ਕੋਈ ਦੁੱਖਦਾਇਕ ਸਾਜਿਸ ਰਚਣ ਜਾ ਰਹੇ ਹਨ ਅਤੇ ਖੁਦ ਹੀ ਪੰਜਾਬ ਦੇ ਮਾਹੌਲ ਨੂੰ ਗੰਧਲਾ ਕਰਕੇ ਬਿਹਾਰ ਵਿਚ ਹੋਣ ਜਾ ਰਹੀਆ ਚੋਣਾਂ ਵਿਚ ਹਿੰਦੂਆਂ ਨੂੰ ਆਪਣੇ ਵੱਲ ਕਰਨ ਦੀ ਖੇਡ ਖੇਡ ਰਹੇ ਹਨ ਜਾਂ ਫਿਰ ਸ. ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇਣ ਦੇ ਦੁੱਖਦਾਇਕ ਅਮਲ ਹੋਣ ਵਾਲੇ ਹਨ। ਜੇਕਰ ਸੈਟਰ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਕੋਈ ਅਜਿਹੀ ਸਾਜਿਸ ਨੂੰ ਅਮਲ ਕੀਤਾ ਤਾਂ ਨਿਕਲਣ ਵਾਲੇ ਭਿਆਨਕ ਨਤੀਜਿਆ ਲਈ ਸੈਟਰ ਦੀ ਮੋਦੀ ਹਕੂਮਤ ਤੇ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਜਿੰਮੇਵਾਰ ਹੋਣਗੀਆ।" ਇਹ ਸੰਕੇਤ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਵਿਚ ਲਗਾਈਆ ਗਈਆ ਬੀ.ਐਸ.ਐਫ ਦੀਆਂ 50 ਕੰਪਨੀਆ ਉਤੇ ਖਤਰਨਾਕ ਤੋਖਲਾ ਪ੍ਰਗਟ ਕਰਦੇ ਹੋਏ ਅਤੇ ਹੁਕਮਰਾਨਾਂ ਨੂੰ ਨਿਕਲਣ ਵਾਲੇ ਨਤੀਜਿਆ ਲਈ ਖਬਰਦਾਰ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਰਹੱਦਾਂ ਉਤੇ ਨਿਰੰਤਰ ਰਾਖੀ ਕਰਨ ਵਾਲਾ ਅਤੇ ਇੰਡੀਆ ਦੀ ਹਰ ਮੁਸਕਿਲ ਵਿਚ ਮੋਹਰੀ ਹੋ ਕੇ ਕੁਰਬਾਨੀਆ ਤੇ ਤਿਆਗ ਕਰਨ ਵਾਲੇ ਪੰਜਾਬੀ ਤੇ ਸਿੱਖ ਕੌਮ ਹੁਕਮਰਾਨਾਂ ਦੀਆਂ ਅਜਿਹੀਆ ਪੰਜਾਬ ਸੂਬੇ ਨੂੰ ਫਿਰ ਤੋ ਅਸਾਤ ਕਰਨ ਅਤੇ ਆਪਣੇ ਸਵਾਰਥੀ ਤੇ ਸਿਆਸੀ ਹਿੱਤਾ ਦੀ ਪੂਰਤੀ ਲਈ ਅਜਿਹੀਆ ਸਾਜਿਸਾਂ ਰਚਣ ਨੂੰ ਕਦਾਚਿਤ ਸਹਿਣ ਨਹੀ ਕਰਨਗੇ ਅਤੇ ਨਾ ਹੀ ਪੰਜਾਬ ਨੂੰ ਫਿਰ ਤੋ ਵੱਡੇ ਦੁਖਾਂਤ ਵਿਚ ਭੇਜਣ ਦੀਆਂ ਸਾਜਿਸਾਂ ਨੂੰ ਨੇਪਰੇ ਚੜ੍ਹਨ ਦੇਣਗੇ।



### ਸਹਿਕਾਰੀ ਸਭਾਵਾਂ ਵਿੱਚ ਡੀਏਪੀ ਖਾਦ ਦੀ ਘਾਟ, ਕਿਸਾਨ ਪਰੇਸ਼ਾਨ



**ਖਰੜ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸੂਬੇ ਵਿੱਚ ਇੱਕ ਪਾਸੇ ਹੜਾਂ ਕਾਰਨ ਭਾਰੀ ਤਬਾਹੀ ਦਾ ਮੰਜ਼ਰ ਹੈ, ਜਦਕਿ ਦੂਜੇ ਪਾਸੇ ਹੜ ਤੋਂ ਅਪਰਭਾਵਿਤ ਇਲਾਕਿਆਂ ਵਿੱਚ ਡੀਏਪੀ ਖਾਦ ਦੀ ਘਾਟ ਕਿਸਾਨਾਂ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਤੇ ਸੀਨੀਅਰ ਕਿਸਾਨ ਆਗੂ ਗੁਰਮੀਤ ਸਿੰਘ ਖੂਨੀਮਾਜਰਾ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਵਿੱਚ ਡੀਏਪੀ ਖਾਦ ਦੀ ਭਾਰੀ ਕਮੀ ਕਾਰਨ ਕਿਸਾਨ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਉਹਨਾਂ ਕਿਹਾ ਕਿ ਜਦੋਂ ਕਿਸਾਨ ਪ੍ਰਾਈਵੇਟ ਦੁਕਾਨਦਾਰਾਂ ਤੋਂ ਖਾਦ ਖਰੀਦਣ ਜਾਂਦੇ ਹਨ ਤਾਂ ਉਨ੍ਹਾਂ 'ਤੇ ਮਹਿੰਗੇ ਭਾਅ 'ਤੇ ਬੀਜ ਅਤੇ ਹੋਰ ਦਵਾਈਆਂ ਵੀ ਜ਼ਬਰਦਸਤੀ ਲਾਦ ਦਿੱਤੀਆਂ ਜਾਂਦੀਆਂ ਹਨ, ਜਿਸ ਨਾਲ ਕਿਸਾਨਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਆਗੂਆਂ ਨੇ ਕਿਹਾ ਕਿ ਡੀਏਪੀ ਖਾਦ ਦੀ ਘਾਟ ਕਾਰਨ ਆਲੂਆਂ ਦੀ ਫਸਲ ਪ੍ਰਭਾਵਿਤ ਹੋ ਰਹੀ ਹੈ, ਜਦਕਿ ਆਉਣ ਵਾਲੀ ਕਣਕ ਦੀ ਬਿਜਾਈ ਲਈ ਵੀ ਇਸ ਖਾਦ ਦੀ ਬਹੁਤ ਲੋੜ ਹੈ। ਉਹਨਾਂ ਕਿਹਾ ਕਿ ਹੜਾਂ ਨਾਲ ਪਹਿਲਾਂ ਹੀ ਨੁਕਸਾਨ ਝੱਲ ਰਹੇ ਕਿਸਾਨ ਹੁਣ ਮਹਿੰਗੇ ਭਾਅ ਖਾਦ ਖਰੀਦਣ ਲਈ ਮਜਬੂਰ ਹਨ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ ਵਿੱਚ 160 ਰੁਪਏ ਦਾ ਕੀਤਾ ਵਾਧਾ 'ਊਠ ਦੇ ਮੂੰਹ ਵਿੱਚ ਜੀਰੇ' ਵਾਲੀ ਗੱਲ ਕਰਾਰ ਦਿੰਦੇ ਹੋਏ ਮੰਗ ਕੀਤੀ ਕਿ ਇਸ ਵਿੱਚ ਵਾਧੂ ਵਾਧਾ ਕੀਤਾ ਜਾਵੇ। ਨਾਲ ਹੀ, ਸਰਕਾਰ ਨੂੰ ਜਲਦ ਤੋਂ ਜਲਦ ਸਹਿਕਾਰੀ ਸਭਾਵਾਂ ਵਿੱਚ ਡੀਏਪੀ ਖਾਦ ਮੁਹੱਈਆ ਕਰਵਾਉਣ ਲਈ ਕਿਹਾ ਗਿਆ, ਤਾਂ ਜੋ ਘਾਟੇ ਵਿੱਚ ਜਾ ਰਹੇ ਕਿਸਾਨਾਂ ਨੂੰ ਕੁਝ ਰਾਹਤ ਮਿਲ ਸਕੇ।

### ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵੂਮੈਨ ਝਾੜ ਸਾਹਿਬ ਵਿਖੇ ਗੁਰਮਤਿ ਸਮਾਗਮ 5 ਅਕਤੂਬਰ ਨੂੰ ਮਨਾਇਆ ਜਾਏਗਾ

ਮਾਛੀਵਾੜਾ ਸਾਹਿਬ, 3 ਅਕਤੂਬਰ (ਆਵਾਜ਼ਿ ਕੌਮ ਬਿਊਰੋ)– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚਲਦੇ 'ਗੁਰੂ ਗੋਬਿੰਦ ਸਿੰਘ ਖਾਲਸਾ ਫਾਰ ਵੂਮੈਨ ਝਾੜ ਸਾਹਿਬ (ਲੁਧਿਆਣਾ) ਵਿੱਖੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਦਾ 350ਵਾਂ ਸ਼ਹੀਦੀ ਦਿਵਸ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਗੁਰਿਆਈ ਦਿਵਸ ਨੂੰ ਸਮਰਪਿਤ ਸਮਾਗਮ 5 ਅਕਤੂਬਰ ਨੂੰ ਸਵੇਰੇ 9–30 ਤੋਂ ਦੁਪਹਿਰ 1 ਵੱਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਭਾਈ ਸੁਖਵੰਤਜੀਤ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਤੇ ਭਾਈ ਦਿਲਵਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਕਥਾ ਵਿਚਾਰ ਬਾਬਾ ਬੂਟਾ ਸਿੰਘ ਮੈਂਬਰ ਐਸ ਜੀ ਪੀ ਸੀ ਕਥਾ ਵਿਚਾਰ ਨਾਲ ਆਈਆਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨਗੇ। ਪਬੰਧਕਾਂ ਵੱਲੋਂ ਇਲਾਕੇ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਅਪੀਲ ਹੈ ਕਿ ਉਹ ਵੱਡੀ ਗਿਣਤੀ ਵਿੱਚ ਸਮਾਗਮ ਵਿੱਚ ਸ਼ਾਮਲ ਹੋਣ।

### ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੀ ਅਗਵਾਈ ਹੇਠ

# ਦਰਸ਼ਨੀ ਯਾਤਰਾ ਰਾਮਤੀਰਥ ਵਿਖੇ ਹੋਈ ਸੰਪੰਨ







ਰਾਮਤੀਰਥ / ਅੰਮ੍ਰਿਤਸਰ –(ਵਰਿਆਮ ਹਠੂਰ) ਭਗਵਾਨ ਮਹਾਰਿਸ਼ੀ ਵਾਲਮੀਕੀ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਕਾਂਗਰਸ ਦੇ ਏ.ਆਈ.ਸੀ.ਸੀ ਸੈਕਟਰੀ ਅਤੇ ਸਾਬਕਾ ਐੱਮ ਐੱਲ ਏ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਜੀ ਦੀ ਅਗਵਾਈ ਵਿੱਚ ਜੋ ਦਰਸ਼ਨੀ ਯਾਤਰਾ ਸ਼ੁਰੂ ਹੋਈ ਸੀ। ਉਹ ਦਰਸ਼ਨੀ ਯਾਤਰਾ ਪਵਿੱਤਰ ਵਾਲਮੀਕੀ ਧਾਮ ਰਾਮਤੀਰਥ, (ਅੰਮ੍ਰਿਤਸਰ) 'ਤੇ ਪਹੁੰਚ ਕੇ ਸੰਪੰਨ ਹੋਈ। ਝੰਡੇ ਦੀ ਰਸਮ ਮੌਕੇ ਤੇ ਸਮੂਹ ਸੰਗਤਾਂ ਨੇ ਧਾਮ ਰਾਮਤੀਰਥ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕੀਤੇ ਤੇ ਮਹਾਂਪੁਰਖਾਂ ਤੋਂ ਅਸ਼ੀਰਵਾਦ ਲਿਆ, ਇਸ ਮੌਕੇ ਗੱਲਬਾਤ ਕਰਦਿਆਂ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਐੱਮ ਐੱਲ ਏ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਅਤੇ ਸੀਨੀਅਰ ਆਗੂ ਰਜੇਸ਼ਿੰਦਰ ਸਿੰਘ ਸਿੱਧੂ (ਜਗਰਾਉਂ) ਨੇ ਕਿਹਾ ਕਿ ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਮੌਕੇ ਜੋ ਦਰਸ਼ਨੀ ਯਾਤਰਾ ਸ਼ੁਰੂ ਕੀਤੀ ਗਈ ਸੀ। ਉਹ ਰਾਮਤੀਰਥ ਆ ਕੇ ਸੰਪੰਨ ਹੋਈ ਹੈ। ਇਸ ਪਵਿੱਤਰ ਸਥਾਨ 'ਤੇ ਮੱਥਾ ਟੇਕ ਕੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਕੇ ਅਤੇ ਮਹਾਂਪੁਰਖਾ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਮਨ ਨੂੰ ਬੇਹੱਦ ਹੀ ਸੁਕੂਨ ਪ੍ਰਾਪਤ ਹੋਇਆ ਹੈ। ਇਸ ਮੌਕੇ ਉਨ੍ਹਾਂ ਦੀ ਟੀਮ ਅਤੇ ਹੋਰ ਸ਼ਰਧਾਲੂ ਹਾਜ਼ਰ ਸਨ।

**ਇਸ ਪਵਿੱਤਰ ਅਸਥਾਨ ਦੇ ਦਰਸ਼ਨ ਦੀਦਾਰੇ ਕਰਕੇ ਮਨ ਨੂੰ ਸਕੂਨ ਮਿਲਿਆ -ਸੁਖਵਿੰਦਰ ਸਿੰਘ ਡੈਨੀ/ਰਜੇਸ਼ਿੰਦਰ ਸਿੰਘ ਸਿੱਧੂ**

ਆਵਾਜ਼ਿ ਕੌਮ AWAZE QAUM International Newspaper & WEB TV